1920 ਤੋਂ

ਜਿਲਦ 105
ਨੰਬਰ 13

੧ੳ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

੧ ਤੋਂ ੧੫ ਭਾਦਰੋਂ ੨੦੮੨ ਬਿ.
16 to 30 August 2025

# ਸਤਿ ਜੁਗ







## CANADA DAURA
## JULY 2025

10/-

ਤੂ ਸਾਹਿਬੁ ਹਉ ਸੇਵਕੁ ਕੀਤਾ ॥

ਜੀਉ ਪਿੰਡੁ ਸਭੁ ਤੇਰਾ ਦੀਤਾ ॥

ਕਰਨੁ ਕਰਾਵਨੁ ਸਭੁ ਤੂਹੈ ਤੂਹੈ ਹੈ

ਨਾਹੀ ਕਿਛੁ ਅਸਾੜਾ ॥੧॥



# Canada Daura JULY 2025





# ਸਤਿਜੁਗ

੧ ਤੋਂ ੧੫ ਭਾਦਰੋਂ ੨੦੮੨ ਬਿ.
16 ਤੋਂ 30 ਅਗਸਤ 2025 ਈ.
ਜਿਲਦ 105, ਨੰਬਰ 13



ਸਲਾਹਕਾਰ ਮੈਂਬਰ

ਸੁਵਰਨ ਸਿੰਘ ਵਿਰਕ, ਸੰਤ ਨਿਸ਼ਾਨ ਸਿੰਘ,
ਹਰਪਾਲ ਸਿੰਘ ਸੇਵਕ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan,
Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ,
ਗੁਰਭਗਤ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਤਰਨ ਬੱਲ
ਯੁਵਰਾਜ ਸਿੰਘ



**ਪੱਤਰ ਵਿਹਾਰ ਦਾ ਪਤਾ :**
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
***Email- Satjug@sribhainisahib.com***


# ਤਤਕਰਾ


* ਸੰਪਾਦਕੀ........................................................4
* ਗੁਰਬਾਣੀ ਵਿਆਖਿਆ..........................................6
* ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ..........................8
* ਸਤਿਗੁਰੂ ਪਰਤਾਪ ਸਿੰਘ ਜੀ ਦਾ ਪਾਵਨ ਵਿਅਕਤੀਤਵ
  ਕਿਰਪਾਲ ਸਿੰਘ ਕਸੇਲ................................9
* ਜੋ ਬ੍ਰਹਿਮੰਡੇ ਸੋਈ ਪਿੰਡੇ, ਜੋ ਖੋਜੇ ਸੋ ਪਾਏ
  ਪ੍ਰਿੰ. ਨਿਰੰਜਨ ਸਿੰਘ..................................14
* ਕਲਾਵੰਤ ਪੱਤਰਕਾਰ, ਸਾਹਿਤਕਾਰ ਤੇ ਮੰਚ-ਸੰਚਾਲਕ-
  ਸੰਤ ਇੰਦਰ ਸਿੰਘ ਚੱਕਰਵਰਤੀ
  ਗੁਰਬਚਨ ਸਿੰਘ ਭੁੱਲਰ................................19
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ..............................27
* ਅੱਖੀਂ ਡਿੱਠਾ ਕਿੱਸਾ ਕੀਤਾ
  ਸੰਪਾ: ਸੁਵਰਨ ਸਿੰਘ ਵਿਰਕ..........................30
* God and the Good or Bad
  Alla Singh.....................................................33
* MURDER OFBEEF BUTCHERS BY KUKAS
  Dr. Gurdev Singh Sidhu................................37
* ਖ਼ਬਰਨਾਮਾ.................................................42
* Matrimonial..........................................................42


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

## ਸੰਪਾਦਕੀ

ਅੱਜ ਦੇ ਵਿਸ਼ਵੀਕਰਨ (Globalazation) ਦੇ ਯੁੱਗ ਵਿੱਚ ਜਿੱਥੇ ਵਿਗਿਆਨਿਕ ਤੇ ਆਰਥਿਕ ਤਰੱਕੀ ਨੇ ਮਨੁੱਖੀ ਜੀਵਨ ਨੂੰ ਆਸਾਨ ਬਣਾਇਆ ਹੈ, ਉਥੇ ਹੀ ਇਹ ਸਮਾਜਿਕ, ਧਾਰਮਿਕ ਅਤੇ ਨੈਤਿਕ ਪੱਧਰ 'ਤੇ ਕਈ ਤਰ੍ਹਾਂ ਦੀਆਂ ਚੁਣੌਤੀਆਂ ਵੀ ਪੈਦਾ ਕਰ ਰਿਹਾ ਹੈ। ਅਜਿਹੀ ਸਥਿਤੀ ਵਿੱਚ ਸਿੱਖੀ ਦੇ ਅਸੂਲਾਂ ਦੀ ਸਹੀ ਵਿਆਖਿਆ ਅਤੇ ਵਿਵਹਾਰੀ ਸਮਝ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਅਤਿਅੰਤ ਮਹੱਤਵਪੂਰਨ ਹਨ। ਆਪ ਸਿੱਖੀ ਨੂੰ ਜੀਵਨ ਜੀਉਣ ਦੀ ਇਕ ਸੁਚੱਜੀ ਅਤੇ ਆਤਮਕ ਵਿਧੀ ਵਜੋਂ ਵਖਿਆਣਦੇ ਹਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਅਨੁਸਾਰ, ਪੂਰਨ ਸਿੱਖ ਉਹ ਹੈ ਜੋ ਗੁਰੂ ਦੇ ਬਚਨਾਂ ਅਨੁਸਾਰ ਜੀਵਨ ਜਿਊਂਦਾ ਹੈ। ਉਸ ਦੀ ਸੋਚ, ਬੋਲਚਾਲ ਅਤੇ ਵਰਤਾਰੇ ਵਿੱਚ ਨਿਮਰਤਾ, ਸੱਚਾਈ, ਸੇਵਾ, ਦਇਆ ਅਤੇ ਸੰਤੋਖ ਦੀ ਝਲਕ ਕਿਰਦਾਰ ਵਿਚੋਂ ਸਾਫ ਦਿਖਾਈ ਦਿੰਦੀ ਹੈ। ਸਤਿਗੁਰੂ ਜੀ ਇਕ ਲਾਈਨ ਵਿਚ ਸਿੱਖ ਕਿਰਦਾਰ ਨੂੰ ਸਪਸ਼ਟ ਕਰਦੇ ਹਨ–

**"ਸਿੱਖ ਬੇਇਮਾਨੀ ਨਹੀਂ ਕਰਦਾ, ਬੇਈਮਾਨੀ ਕਰਦਾ ਹੈ ਤਾਂ ਸਿੱਖ ਨਹੀਂ ਰਹਿ ਜਾਂਦਾ।"**

ਨੌਜਵਾਨਾਂ ਵਾਸਤੇ ਸਤਿਗੁਰੂ ਜੀ ਦਾ ਉਪਦੇਸ਼ ਸੀ। ਜਮਾਨੇ ਦੇ ਪਿਛਲੱਗ ਬਣ, ਹਵਾ ਦੇ ਰੁੱਖ ਵੱਲ ਨਾ ਵਹਿ ਤੁਰੋ, ਤੁਹਾਡੇ ਕੋਲ ਇਕ ਪੂਰਨ ਸਿਧਾਂਤ ਹੈ ਜਿਸ ਦੀ ਰੌਸ਼ਨੀ ਸਾਰੇ ਸੰਸਾਰ ਵਿੱਚ ਫੇਲਾਉ।

**"ਤੁਸੀਂ ਲੋਕਾਂ ਦੀ ਪਿੱਠ ਨਾ ਚੱਟੋ, ਲੋਕਾਂ ਦੀ ਮਰਯਾਦਾ ਮਗਰ ਪੈ ਕੇ, ਲੋਕ ਬਣਕੇ ਨਾ ਤੁਰੋ। ਤੁਸੀਂ ਗੁਰੂ ਨਾਨਕ ਵੱਲ ਮੂੰਹ ਕਰਕੇ, ਲੋਕਾਂ ਨੂੰ ਆਪਣੇ ਮਗਰ ਲਾ ਕੇ, ਗੁਰੂ ਨਾਨਕ ਨੇ ਜਿਹੜਾ ਤੁਹਾਨੂੰ ਚਾਨਣ ਦਿੱਤਾ ਹੈ, ਉਸ ਚਾਨਣ ਨੂੰ ਲੋਕਾਂ ਨੂੰ ਦਿਖਾਓ ਆਪ ਉੱਚੇ ਆਚਰਨ ਦੇ ਬਣੋ। ਲੋਕ ਤੁਹਾਨੂੰ ਦੇਖ ਕੇ ਉੱਚੇ ਤੇ ਸੁੱਚੇ ਬਣਨ।"**

ਜੋ ਸਿੱਖ ਵਿਕਾਰਾਂ ਤੋਂ ਬਚ ਕੇ ਜੀਵਨ ਨੂੰ ਸ਼ੁੱਧਤਾ ਅਤੇ ਸਾਫ਼-ਸੁਥਰੇ ਆਚਰਨ ਵੱਲ ਲੈ ਜਾਂਦਾ ਹੈ। ਉਸਦੀ ਗੁਰੂ ਪ੍ਰਤੀ ਸ਼ਰਧਾ ਨੇਮ, ਪ੍ਰੇਮ, ਠੋਸ, ਨਿਰੰਤਰ ਅਤੇ ਨਿਰਲੋਭ ਹੁੰਦੇ ਹਨ। ਵਿਸ਼ਵੀਕਰਨ ਦੇ ਇਸ ਦੌਰ ਵਿੱਚ ਜਦੋਂ ਬਾਜ਼ਾਰਵਾਦ ਮਨੁੱਖੀ ਲੋੜਾਂ ਨੂੰ ਵੀ ਨਿਰਧਾਰਤ ਕਰ ਰਿਹਾ ਹੈ, ਤਾਂ ਆਦਮੀ ਦੀ ਨਿੱਜਤਾ, ਸਾਦਗੀ ਅਤੇ ਆਤਮਕ ਅਡੋਲਤਾ ਘੱਟ ਹੋ ਰਹੀ ਹੈ। ਅੱਜ ਮਨੁੱਖ ਆਪਣੀਆਂ ਲੋੜਾਂ ਦੀ ਥਾਂ ਉਨ੍ਹਾਂ ਦੀ ਪੂਰਤੀ ਦੇ ਢੰਗ ਨੂੰ ਵੀ ਬਾਜ਼ਾਰ ਦੇ ਨਿਯਮਾਂ ਅਨੁਸਾਰ ਤੈਅ ਕਰ ਰਿਹਾ ਹੈ। ਸਾਦਗੀ ਅਤੇ ਸੰਤੋਖ ਭਰਿਆ ਜੀਵਨ ਪਿਛਲੇ ਸਮਿਆਂ ਦੀ ਗੱਲ ਬਣ ਕੇ ਰਹਿ ਗਿਆ ਹੈ। ਵਰਤਮਾਨ ਸਮੇਂ ਵਿਚ ਮਨੁੱਖ ਆਪਣੇ ਅਧਰਮੀ ਕੰਮਾਂ ਨੂੰ ਵੀ ਧਰਮ ਦੀ ਰੰਗਤ ਚਾੜਣਾ ਚਾਹੁੰਦਾ ਹੈ।

**"ਹਰ ਇਕ ਆਦਮੀ ਆਪਣੇ ਕਾਇਦੇ ਨਾਲ ਧਰਮ ਨੂੰ ਢਾਲਣਾ ਚਹੁੰਦਾ ਹੈ, ਧਰਮ ਦੇ ਮਗਰ ਆਪਣੇ ਆਪ ਨੂੰ ਨਹੀਂ ਢਾਲਦਾ। ਉਹ ਕਹਿੰਦਾ ਹੈ- ਮੇਰੀ ਮਰਜ਼ੀ ਦਾ ਧਰਮ ਹੋਵੇ- ਮੇਰੀ ਮਰਜ਼ ਦਾ ਖਾਣ ਹੋਵੇ- ਮੇਰੀ ਮਰਜ਼ੀ ਦਾ ਸੌਣ ਹੋਵੇ- ਮੇਰੀ ਮਰਜ਼ੀ ਦਾ ਪਹਿਨਣ ਹੋਵੇ, ਮੇਰੀ ਮਰਜ਼ੀ ਨਾਲ ਦਾੜ੍ਹੀ ਮੈਂ ਕਿਵੇਂ ਰੱਖਾਂ।"**

ਇਸ ਤਰ੍ਹਾਂ ਹੀ ਧਾਰਮਿਕ ਅਖਵਾਉਣ ਵਾਲੇ ਲੋਕਾਂ ਅੰਦਰ ਇਹ ਮੇਰ-ਤੇਰ ਦੀ ਦ੍ਰਿਸ਼ਟੀ ਨਹੀਂ ਹੋਣੀ ਚਾਹੀਦੀ। ਇਕ ਦੂਜੇ ਪ੍ਰਤੀ ਭਰੋਸੇਯੋਗਤਾ ਬਰਕਰਾਰ ਰੱਖਣ ਲਈ ਸਤਿਗੁਰੂ ਜੀ ਸਿੱਖਾਂ ਨੂੰ ਆਪਸੀ ਇਤਫ਼ਾਕ ਦਾ ਉਪਦੇਸ਼ ਦਿੰਦੇ ਕਹਿੰਦੇ ਹਨ-

ਹੁਣ ਤੇ ਰਤਾ ਰਤਾ ਜਿੰਨੀ ਗੱਲ ਉੱਤੇ ਸਾਨੂੰ ਐਸਾ ਮੁਸ਼ਕਲ ਹੋ ਜਾਂਦਾ ਹੈ, ਐਡੀਆ-ਐਡੀਆਂ ਸਾਡੇ 'ਚ ਕੰਧਾਂ ਬਣ ਜਾਂਦੀਆਂ ਹਨ, ਕੋਟ ਬਣ ਜਾਂਦੇ ਹਨ ਕਿ ਉਸ ਪਾਸੇ ਜੇ ਮੈਂ ਲੰਘ ਗਿਆ ਤਾਂ ਮੇਰਾ ਕੁਛ ਨਹੀਂ ਰਹਿਣਾ। ਜੇ ਉਸ ਦੇ ਸ਼ਬਦ ਦੀ ਆਵਾਜ਼ ਮੇਰੇ ਕੰਨਾ ਵਿਚ ਪੈ ਗਈ ਤਾਂ ਖਵਰੇ ਮੇਰੇ ਕੰਨ ਕਿਸ ਤਰ੍ਹਾਂ ਦੇ ਖਰਾਬ ਹੋ ਜਾਣਗੇ। ਬਾਣੀ ਗੁਰੂ ਕੀ, ਸਿੱਖ ਗੁਰੂ ਦੇ, ਉਹ ਮਾੜੇ ਚੰਗੇ ਜਿਹੋ ਜਿਹਾ ਕੋਈ ਹੈ, ਕਿਤੇ ਵੀ ਹੈ, ਇਕੋ ਗੁਰੂ ਦੀ ਬਾਣੀ ਪੜ੍ਹਦਾ ਹੈ, ਜਿੱਥੇ-ਜਿੱਥੇ ਗੁਰੂ ਦਾ ਜਸ ਕਰਦਾ ਹੈ, ਜਿੱਥੇ ਕੋਈ ਨਾਮ ਜਪਦੈ ਗੁਰੂ ਦਾ ਸਿੱਖ ਹੈ। ਸਿੰਘਾ ਨੂੰ ਜੁਦਾ ਨਹੀਂ ਹੋਣਾ ਚਾਹੀਦਾ।

ਐਸੇ ਸਮੇਂ ਵਿੱਚ ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਨੂੰ ਦੁਬਾਰਾ ਪੜ੍ਹੀਏ, ਸੁਣੀਏ ਅਤੇ ਆਪਣੇ ਜੀਵਨ ਵਿੱਚ ਉਤਾਰੀਏ, ਤਾਂ ਜੋ ਅਸੀਂ ਇਸ ਅਸ਼ਾਂਤੀ ਭਰੇ ਸਮਾਜਿਕ ਮਾਹੌਲ ਵਿੱਚ ਵੀ ਆਤਮਿਕ ਅਨੰਦ, ਨੈਤਿਕ ਮਜ਼ਬੂਤੀ ਅਤੇ ਸੁਚੱਜੀ ਗ੍ਰਿਹਸਥੀ ਵਾਲਾ ਜੀਵਨ ਜੀ ਸਕੀਏ।

..........................................................

# ਗੁਰਬਾਣੀ ਵਿਆਖਿਆ – ਆਸਾ ਦੀ ਵਾਰ

**ਮਃ 1 ॥**

**ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਨਿਡਰ ਤਾਂ ਇੱਕ ਨਿਰੰਕਾਰ ਹੀ ਹੈ
ਅਤੇ ਹੋਰ ਕਈ ਮਿੱਟੀ ਭਾਵ ਪੱਥਰਾਂ ਦੇ ਬਣਾਏ ਹੋਏ ਝੂਠੇ ਰਾਮ ਹਨ।
Sri Guru Ji says that only the one Immortal Lord is without fear,
all others are imposters

**ਕੇਤੀਆ ਕੰਨ੍ ਕਹਾਣੀਆ ਕੇਤੇ ਬੇਦ ਬੀਚਾਰ॥**
ਕਈ ਕ੍ਰਿਸ਼ਨ ਜੀ ਦੀਆਂ ਕਹਾਣੀਆਂ ਕਹਿਣ ਵਾਲੇ ਭਾਵ ਸ਼੍ਰੀਮਦ ਭਾਗਵਤ ਗੀਤਾ ਦੇ ਵਕਤੇ ਹਨ,
ਕਈ ਵੇਦ ਵਾਚਣ ਵਾਲੇ ਹਨ।
Many recite stories of Sri Krishna, many deliberate over the thoughts in *Vedas*

**ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ॥**
ਕਈ ਮੰਗਤੇ ਦੇਵੀ ਦੇਵਤਿਆਂ ਦੇ ਰੂਪਧਾਰੀ ਹਨ,
ਜੋ ਨ੍ਰਿਤਕਾਰੀ ਕਰਦੇ ਭਾਵ ਨਾਚ ਕਰਕੇ ਤਾਲ ਪੂਰੇ ਕਰਦੇ ਹਨ।
Many beggars dance to the rhythm of music for their existence.

**ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ॥**
ਰਾਸਧਾਰੀਏ ਬਜ਼ਾਰ ਵਿੱਚ ਆ ਕੇ ਰਾਸਾਂ ਪਾਉਂਦੇ ਹਨ।
They come to the market place and exhibit their performance.

**ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ॥**
ਰਾਜੇ ਤੇ ਰਾਣੀਆਂ ਬਣਕੇ ਗਾਉਂਦੇ ਹਨ ਅਤੇ ਅਸਤ-ਵਿਅਸਤ ਬੋਲਦੇ ਹਨ।
They sing about by disguising as kings and queens, and exaggerate various details.

**ਲਖ ਟਕਿਆ ਕੇ ਮੁੰਦੜੇ ਲਖ ਟਕਿਆ ਕੇ ਹਾਰ॥**
ਉਹਨਾਂ ਨੇ ਲੱਖਾਂ ਰੁਪਇਆਂ ਦੀਆਂ ਵਾਲੀਆਂ ਅਤੇ ਲੱਖਾਂ ਰੁਪਇਆਂ ਦੇ ਹਾਰ ਪਹਿਨੇ ਹੋਏ ਹੁੰਦੇ ਹਨ।
They adorn themselves in expensive earrings and necklaces.

**ਜਿਤੁ ਤਨਿ ਪਾਈਅਹਿ ਨਾਨਕਾ ਸੇ ਤਨ ਹੋਵਹਿ ਛਾਰ॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਸ ਸਰੀਰ ਉੱਤੇ ਇਹ ਝੂਠੇ ਲਿਬਾਸ ਤੇ ਹਾਰ ਸ਼ਿੰਗਾਰ ਪਾਈਦੇ ਹਨ,
ਉਹ ਸਰੀਰ ਤਾਂ ਸੁਆਹ ਹੋਣਗੇ।

Sri Guru Ji says:
The body on which lavish materialistic items are worn, inevitably turns to ash.

**ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ॥**
ਸੱਚ ਗੱਲਾਂ ਨਾਲ ਹਾਸਲ ਨਹੀਂ ਹੁੰਦਾ, ਉਸ ਲਈ ਕਰੜੀ ਘਾਲਣਾ ਕਰ।
By merely speaking, wisdom cannot be obtained;
it is ironclad truth that hardwork is required.

**ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ॥੨॥**
ਜੇ ਪਰਮੇਸ਼ਰ ਦੀ ਰਹਿਮਤ ਮਿਲੇ ਤਾਂ ਹੀ ਗਿਆਨ ਮਿਲਦਾ ਹੈ,
ਹੋਰ ਚਤੁਰਾਈਆਂ ਅਤੇ ਅਹੁਦੇ ਖੁਆਰ ਕਰਦੇ ਹਨ।
If God blesses, only then the wisdom can be obtained;
shrewdness and ego of authority ruins oneself.

**ਪਉੜੀ ॥**

**ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ॥**
ਹੇ ਪਰਮੇਸ਼ਰ! ਜੇ ਤੇਰੀ ਮਿਹਰ ਵਾਲੀ ਨਜ਼ਰ ਹੋ ਜਾਵੇ ਤਾਂ ਸਤਿਗੁਰ ਨਜ਼ਰੀਂ ਪੈਂਦਾ ਹੈ।
If God is benevolent, then one is able to meet the *Satguru*

**ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ॥**
ਏਹੁ ਜੀਉ! ਮੈਂ ਬਹੁਤੇ ਜਨਮਾਂ ਤੋਂ ਭਟਕ ਰਿਹਾ ਸੀ ਤਾਂ ਫਿਰ ਸਤਿਗੁਰ ਨੇ ਮਿਹਰ ਕਰਕੇ ਸ਼ਬਦ ਸੁਣਾਇਆ।
For many lifetimes, my soul has been wandering aimlessly, then *Satguru Ji* imparted knowledge upon me.

**ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ॥**
ਸਾਰੇ ਲੋਕੋ ਸੁਣੋ! ਸਤਿਗੁਰੂ ਜਿਹਾ ਵੱਡਾ ਦਾਤਾ ਕੋਈ ਨਹੀਂ ਹੈ।
Listen everyone! There is no bestower like the *Satguru*

**ਸਤਿਗੁਰਿ ਮਿਲਿਐ ਸਚੁ ਪਾਇਆ ਜਿਨ੍ਹੀ ਵਿਚਹੁ ਆਪੁ ਗਵਾਇਆ॥**
ਆਪਾ ਭਾਵ ਗਵਾ ਕੇ ਸਤਿਗੁਰ ਦੇ ਦਰਬਾਰ ਵਿੱਚ ਜਾਣ ਵਾਲਿਆਂ ਨੂੰ ਹੀ ਪ੍ਰਭੂ ਦਾ ਮੇਲ ਹੁੰਦਾ ਹੈ।
Those who give up their ego are able to see truth; after meeting the *Satguru.*

**ਜਿਨਿ ਸਚੋ ਸਚੁ ਬੁਝਾਇਆ॥੪॥**
ਗੁਰੂ ਉਹ ਹੈ, ਜਿਸਨੇ ਸੱਚ ਹੀ ਸੱਚ ਸਮਝਾਇਆ ਹੈ।
Guru has helped me figure out the real truth.

**ਚਲਦਾ...** **ਨਾਮਧਾਰੀ ਨਿਤਨੇਮ ਸਟੀਕ ਵਿਚੋਂ**

# ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

## ਹਰਿ ਬਿਨੁ ਬੈਲ ਬਿਰਾਨੇ ਹੁਈ ਹੈ॥



ਕਿਸੇ ਵੀ ਜਨਮ ਵਿੱਚ ਮਨੁੱਖਾ ਦੇਹ ਤੋਂ ਬਗੈਰ ਨਾਮ ਨਹੀਂ ਜਪਿਆ ਜਾ ਸਕਦਾ, ਭਾਈ ਨਾਮ ਜਪੋ. ਅਰਦਾਸ ਕਰੋ ਸਤਿਗੁਰੂ ਅੱਗੇ ਅਰ ਪਿਆਰ ਕਰਿਆ ਕਰੋ ਇਕ ਦੂਸਰੇ ਨਾਲ। ਥੋੜੀ-ਥੋੜੀ ਗੱਲ ਦੇ ਉੱਤੇ ਐਵੇਂ ਨਾ ਲੜੋ, ਦੂਰ-ਦੂਰ ਨਾ ਜਾਉ।

ਮੈਂ ਅੱਗੇ ਵੀ ਅਰਜ਼ ਕਰ ਆਇਆ ਹਾਂ ਤਾਂ ਫੇਰ ਹੁਣ ਅਰਜ਼ ਕਰਾਂਗਾ ਨਾਮਧਾਰੀਆਂ ਅੱਗੇ ਜੇ ਕੋਈ ਕਿਸੇ ਦਾ ਥੋੜਾ ਬਹੁਤ ਰੌਲਾ ਝਗੜਾ ਹੈ, ਉਹ ਆਪਸ ਵਿੱਚ ਬੈਠ ਕੇ ਮੁਕਾ ਲਵੋ, ਨਹੀ ਸੂਬਿਆਂ ਕੋਲ ਬੈਠ ਮੁਕਾ ਲਓ, ਚਾਰ ਸਰੀਰ ਬਗਿ ਕੇ ਮੁਕਾ ਲਓ, ਜਿਹੜਾ ਤੁਸੀਂ ਮੈਨੂੰ ਹੁਕਮ ਕਰੋਗੇ, ਜਿਹੜਾ ਕੁਛ ਮੈਂ ਕਰ ਸਕਦਾ ਹਾਂ, ਕੱਲ ਦਾ ਦਿਨ, ਪਰਸੋਂ ਦੁਪਹਿਰ ਤਕ ਮੈਂ ਰਹਿਣਾ ਹੈ ਤਾਂ ਕਿ ਤੁਸੀਂ ਪਿਛਲੇ ਵਿਤਕਰੇ ਛੱਡੋ, ਅੱਗੇ ਨੂੰ ਸਿੱਧੇ ਰਸਤੇ ਲੱਗੋ। ਗੁਰੂ ਅੱਗੇ ਅਰਦਾਸ ਕਰੋ ਕਿ ਸਾਡੇ ਉੱਤੇ ਕਿਰਪਾ ਕਰਨ ਸਾਥੋਂ ਬੁਰਾ ਕੰਮ ਹੋਵੇ ਹੀ ਨਾ ਕਿਉਂਕਿ ਤੇਰੇ ਸਦਾਉਨੇ ਹਾਂ, ਤੇਰੇ ਨਾਮ ਨੂੰ ਲਾਜ ਨਾ ਲੱਗੇ।

ਜਿਸ ਵੇਲੇ ਭਾਈ ਜੋਗਾ ਸਿੰਘ ਹੁਸ਼ਿਆਰਪੁਰ ਜਾਂਦੈ, ਸਾਹਿਬ ਸੱਚੇ ਪਾਤਸ਼ਾਹ ਉੱਥੇ ਚੌਂਕੀਦਾਰ ਬਣਕੇ ਜਾ ਕੇ ਕਹਿੰਦੇ ਹਨ-

ਉਹ ਤੇੜ ਕਛਹਿਰਾ ਤੇ ਸਿਧੀ ਪਾਗ,
ਸਿਖ ਹੋਏ ਕੇ ਕਰੇ ਅਪਰਾਧ।

ਤੂੰ ਆਪਣੀ ਪੱਗ ਵੱਲ ਦੇਖ, ਆਪਣੀ ਦਾੜ੍ਹੀ ਵੱਲ ਦੇਖ ਉਏ ਸਿੱਖਾ, ਤੂੰ ਕੀ ਕਰਦਾ ਹੈਂ ਪਰ ਸਤਿਗੁਰੂ ਪਹਿਰਾ ਦੇਵੇ ਤਾਂ ਸਿੱਖ ਬਚਦਾ ਹੈ। ਜ਼ਰਾ ਕੁ ਭਾਈ ਨੂੰ ਮਾਣ ਹੋ ਗਿਆ ਸੀ, ਮੈਂ ਤਿੰਨ ਲਾਵਾਂ ਲੈ ਕੇ ਛੱਡ ਆਇਆ ਹਾਂ। ਦੇਖੋ, ਮਾਣ ਨਹੀਂ ਕਰਨਾ, ਸਤਿਗੁਰੂ ਅੱਗੇ ਅਰਦਾਸ ਕਰੋ, ਤੁਹਾਡੇ ਉੱਤੇ ਕਿਰਪਾ ਕਰੇ। ਇਥੇ ਘੜੀ ਆਨੰਦ ਲੈ ਲੈਣ, ਪਤਾ ਨਹੀਂ-

ਅੱਜ ਕੱਲ੍ਹ ਕਿ ਚਹੁੰ ਦਿਨੀ,
ਓਵਕ ਦਿਨੀ ਦਸੀਂ,
ਇਸ ਸੁਹਾਵੇ ਬਾਗ ਵਿੱਚ
ਹੋਵਾਂਗੇ ਕਿ ਨਾਂਹਿ ਅਸੀਂ।

ਪਤਾ ਨਹੀ ਕੀ ਹੋਣਾ ਹੈ, ਇਹ ਮਨੁੱਖਾ ਦੇਹ ਮਿਲੀ ਹੈ, ਇਸਨੂੰ ਸਫਲ ਕਰ ਲਉ।

.......................................................

# ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪਾਵਨ ਵਿਅਕਤੀਤਵ



**ਕਿਰਪਾਲ ਸਿੰਘ ਕਸੇਲ**

ਸਤਿਗੁਰੂ ਪਰਤਾਪ ਸਿੰਘ ਜੀ ਵੀਹਵੀਂ ਸਦੀ ਦੇ ਭਾਰਤ ਦੀ ਮਹਾਨ ਹਸਤੀ ਸਨ। ਆਪ ਜੀ ਦੀ ਪਾਵਨ ਆਤਮਾ ਦੀ ਅੰਤਰੀਵ ਅਧਿਆਤਮਕਤਾ ਦੇ ਸੂਰਜੀ ਪ੍ਰਕਾਸ਼ ਨੇ ਚਾਰੇ ਕੋਣੇ ਰੌਸ਼ਨ ਕਰ ਦਿੱਤੇ :

ਜਨ ਪਰਉਪਕਾਰੀ ਆਏ
ਜੀਅ ਦਾਨੁ ਦੇ ਭਗਤੀ ਲਾਇਨਿ
ਹਰ ਸਿਉ ਲੈਨਿ ਮਿਲਾਏ॥

ਸਤਿਗੁਰੂ ਰਾਮ ਸਿੰਘ ਜੀ ਦੇ ਵਰੋਸਾਏ ਨਾਮਧਾਰੀ ਗੁਰੂ-ਤਖ਼ਤ ਦੀ ਵਿਰਾਸਤ ਦੇ ਸਵਾਮੀ ਨੇ ਜਦੋਂ ਨਾਮਧਾਰੀ ਸਤਿਗੁਰੂ ਦੇ ਰੂਪ ਵਿੱਚ ਇਸ ਗੁਰੂ-ਤਖ਼ਤ ਨੂੰ ਸੰਭਾਲਿਆ ਤਾਂ ਸੋਲ੍ਹਾਂ ਸਾਲਾਂ ਦੀ ਕਿਸ਼ੋਰ ਅਵਸਥਾ ਵਿੱਚ ਆਪ ਜੀ ਨੇ ਜਿਸ ਗੁਰੂ ਕਰਤੱਵ ਦੀ ਵੱਡੀ ਜ਼ਿੰਮੇਵਾਰੀ ਨੂੰ ਖਿੜ੍ਹੇ ਮੱਥੇ ਪ੍ਰਵਾਨ ਕੀਤਾ, ਉਸ ਉੱਤੇ ਪੂਰੇ ਸਾਢੇ 53 ਸਾਲ ਸੁਸ਼ੋਭਿਤ ਹੋ ਕੇ ਅਜਿਹੇ ਯਾਦਗਾਰੀ ਕਾਰਜ ਕੀਤੇ ਕਿ ਸਦੀਆਂ ਤੱਕ ਉਹ ਸੰਸਾਰ ਲਈ ਯਾਦਗਾਰੀ ਮਿਸਾਲਾਂ ਬਣੇ ਰਹਿਣਗੇ। ਉਨ੍ਹਾਂ ਦੀ ਪਾਵਨ ਪਵਿੱਤਰ ਤੇ ਮਹਾਨ ਹਸਤੀ ਬਾਰੇ ਅਸੀਂ ਲਗਭਗ ਬੁੱਧ ਜੀਵ ਕੀ ਬਖਾਨ ਕਰ ਸਕਦੇ ਹਾਂ। ਇਹ ਤਾਂ 'ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣ ਨਾ ਜਾਇ' ਵਾਲੀ ਗੱਲ ਹੈ। ਆਪ ਜੀ ਦੀ ਪਾਵਨ ਸ਼ਖ਼ਸੀਅਤ ਦੇ ਇਤਨੇ ਅਨੇਕ ਪੱਖ ਹਨ ਕਿ ਇਸਨੂੰ ਬਹੁ-ਪੱਖੀ ਜਾਂ ਸਰਵਪੱਖੀ ਕਹਿ ਦੇਣਾ ਵੀ ਨਿਗੂਣਾ ਪ੍ਰਤੀਤ ਹੁੰਦਾ ਹੈ। ਆਪ ਤ੍ਰੈਕਾਲਦਰਸ਼ੀ ਪਾਰਗਰਾਮੀ ਤੇ ਪਾਰਦਰਸ਼ੀ ਸ਼ਖ਼ਸੀਅਤ ਦੇ ਸੁਆਮੀ ਸਨ, ਜਿਸ ਵਿੱਚ ਨਾ ਕੋਈ ਲੁਕਾ ਹੈ ਨਾ ਕੋਈ ਛੁਪਾ। ਇਹ ਤਾਂ ਅੰਦਰੋਂ ਬਾਹਰੋਂ ਇੱਕ ਹੈ। ਜੋ ਕੁਝ ਅੰਤਰ ਆਤਮ ਵਿੱਚ ਹੈ, ਉਹ ਕੁਝ ਹੀ ਬਾਹਰੋਂ ਤੱਕਿਆਂ ਸਪੱਸ਼ਟ ਦ੍ਰਿਸ਼ਟੀਗੋਚਰ ਹੋ ਜਾਂਦਾ ਹੈ। ਫਿਰ ਵੀ ਮਨੁੱਖੀ ਜਿਗਿਆਸਾ ਦੀ ਤ੍ਰਿਪਤੀ ਲਈ ਏਥੇ ਆਪ ਜੀ ਦੀ ਪਾਵਨ ਹਸਤੀ ਦੇ ਕੁਝ ਉੱਜਲੇ ਪੱਖਾਂ ਉੱਤੇ ਪ੍ਰਕਾਸ਼ ਪਾਉਣਾ ਉੱਚਿਤ ਪ੍ਰਤੀਤ ਹੁੰਦਾ ਹੈ।

**ਸਦੀਆਂ ਦੇ ਅਧਿਆਤਮਕ ਵਿਰਸੇ ਦੇ ਸਵਾਮੀ**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੇਵਲ ਪੰਜਾਬ ਨੂੰ ਹੀ ਨਹੀਂ ਸਗੋਂ ਸਾਰੇ ਭਾਰਤ ਅਤੇ ਸਾਰੇ ਸੰਸਾਰ ਨੂੰ ਅਧਿਆਤਮਕ ਗਿਆਨ ਦੀ ਨਵੀਂ ਰੌਸ਼ਨੀ ਬਖ਼ਸ਼ੀ ਅਤੇ ਨਿਰਵੈਰ ਰਹਿ ਕੇ 'ਜਿੰਨੀ ਨਾਮੁ ਧਿਆਇਆ ਗਏ ਮਸਕਤਿ ਘਾਲ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲ' ਇਸੇ ਮਾਨਵ-ਮੁਕਤੀ ਤੇ ਜਨ-ਕਲਿਆਣ ਦਾ ਮਾਰਗ ਸਿੱਖ ਗੁਰੂ ਸਾਹਿਬਾਨ ਨੇ ਦ੍ਰਿੜ੍ਹ ਕਰਵਾ ਕੇ ਨਾਮ ਦੀ ਸ਼ਕਤੀ ਦੁਆਰਾ ਕੌਮ ਵਿੱਚ ਨਵਾਂ ਆਚਰਨ ਬਲ ਭਰਿਆ, ਜਿਸ ਨੇ ਦੇਸ਼ ਦੇ ਇਤਿਹਾਸ ਵਿੱਚ ਕਈ ਕਾਰਨਾਮੇ ਕਰ ਵਿਖਾਏ ਅਤੇ ਬਾਬਰਕਿਆਂ ਦੀ ਗੁਲਾਮੀ ਦੇ ਤੌਕ ਨੂੰ ਗਲੋਂ ਲਾਹ ਕੇ ਪੰਜਾਬ ਵਿੱਚ ਸੁਤੰਤਰ ਰਾਜ ਸਥਾਪਿਤ ਕਰ ਲਿਆ ਪਰ ਜਦੋਂ ਸੱਤ ਸਮੁੰਦਰੋਂ ਪਾਰ ਤੋਂ ਆਏ ਅੰਗਰੇਜ਼ਾਂ ਦੀ ਸਾਮਰਾਜਵਾਦੀ ਕੁਟਿਲ ਨੀਤੀ ਨੇ 1849 ਵਿੱਚ ਦੇਸ਼ ਦੀ ਸੁਤੰਤਰਤਾ ਨੂੰ ਹੜੱਪ ਕਰ ਕੇ ਮੁੜ ਗੁਲਾਮੀ ਦਾ ਪਹਿਰਾ ਲੈ ਆਂਦਾ ਤਾਂ 1857 ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਆਜ਼ਾਦੀ ਦੀ ਅਜਿਹੀ ਜੋਤ ਜਗਾਈ ਅਤੇ ਸੁਤੰਤਰਤਾ ਪ੍ਰਾਪਤੀ ਦੇ ਨਵੇਂ ਮਾਰਗਾਂ ਦੇ ਲਖ਼ਸ਼ਾਂ ਨੂੰ ਉਜਾਗਰ ਕੀਤਾ ਤਾਂ ਸੁਤੰਤਰਤਾ-ਸੰਗਰਮ ਦਾ ਨਵਾਂ ਯੁੱਗ ਆਰੰਭ ਹੋਇਆ। ਨਾਮਧਾਰੀਆਂ ਨੇ ਗਉ-ਗਰੀਬ ਦੀ ਰੱਖਿਆ ਕੀਤੀ ਤੇ ਕੁਰਬਾਨੀਆਂ ਦੇ ਨਵੇਂ ਇਤਿਹਾਸ ਨੂੰ ਜਨਮ ਦਿੱਤਾ। ਸਤਿਗੁਰੂ ਹਰੀ ਸਿੰਘ ਜੀ ਭਾਵੇਂ ਭੈਣੀ ਸਾਹਿਬ ਵਿੱਚ ਪਾਬੰਦੀਆਂ ਦੇ ਦੌਰ ਵਿੱਚ ਨਾਮਧਾਰੀ ਪੰਥ ਦੀ ਸੇਵਾ ਸੰਭਾਲ ਕਰਦੇ ਰਹੇ ਅਤੇ ਇਸ ਆਜ਼ਾਦੀ ਦੀ ਜੋਤ ਨੇ ਕਈ ਦਿਸ਼ਾਵਾਂ ਵਿੱਚ ਆਪਣੇ ਪ੍ਰਭਾਵਾਂ ਨੂੰ ਪ੍ਰਗਟ ਕਰ ਦਿੱਤਾ। ਨਵੇਂ ਸੁਤੰਤਰਤਾ ਸੰਗਰਾਮਾਂ ਵਿੱਚ ਨਵੇਂ ਆਤਮਿਕ ਬਲ ਦਾ ਸੰਚਾਰ ਕੀਤਾ। ਵੀਹਵੀਂ ਸਦੀ ਦੇ ਸੁਤੰਤਰਤਾ ਸੰਗਰਾਮ ਵਿੱਚ ਅਤੇ ਧਾਰਮਿਕ ਜਾਗਰਿਤੀ ਤੇ ਸਮਾਜ ਸੁਧਾਰ ਦੇ ਖੇਤਰ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਵੱਲੋਂ ਯੋਗਦਾਨ ਪਾਉਣ ਲਈ

ਰਾਹ ਪੱਧਰਾ ਅਤੇ ਸੁਨਿਸ਼ਚਿਤ ਹੋ ਗਿਆ। ਸਤਿਗੁਰੂ ਪਰਤਾਪ ਸਿੰਘ ਜੀ ਨੇ ਸਮੇਂ ਦੀ ਆਵਾਜ਼ ਅਨੁਸਾਰ ਇਹਨਾਂ ਵੰਗਾਰਾਂ ਦਾ ਟਾਕਰਾ ਪੂਰੀ ਦ੍ਰਿੜਤਾ ਨਾਲ ਕੀਤਾ ਅਤੇ ਨਾਮਧਾਰੀ ਪੰਥ ਦੀ ਸੁਯੋਗ ਅਗਵਾਈ ਕਰਦਿਆਂ ਹੋਇਆਂ ਭਾਰਤ ਦੇ ਸੁਤੰਤਰਤਾ ਸੰਗਰਾਮ ਤੇ ਹੋਰ ਕੌਮੀ ਲਹਿਰਾਂ ਵਿੱਚ ਨਾਮਧਾਰੀ ਭਾਈਚਾਰੇ ਵੱਲੋਂ ਨਿੱਗਰ ਹਿੱਸਾ ਪਾ ਕੇ 1947 ਵਿੱਚ ਭਾਰਤ ਦੀ ਆਜ਼ਾਦੀ ਦੀ ਪ੍ਰਾਪਤੀ ਤੱਕ ਆਜ਼ਾਦੀ ਦੀਆਂ ਕੌਮੀ ਲਹਿਰਾਂ ਨਾਲ ਕਦਮ ਨਾਲ ਕਦਮ ਮਿਲਾ ਕੇ ਆਗੂਆਂ ਵਾਲੇ ਕਰਤੱਵ ਨੂੰ ਨਿਭਾਇਆ।

ਅੰਗਰੇਜ਼ ਸਰਕਾਰ ਨਾਮਧਾਰੀਆਂ ਨੂੰ ਆਪਣਾ ਸਭ ਤੋਂ ਵੱਡਾ ਦੁਸ਼ਮਣ ਮੰਨਦੀ ਸੀ। 1872 ਤੋਂ ਲੈ ਕੇ 1923 ਤੱਕ ਨਾਮਧਾਰੀਆਂ ਦੇ ਮੁੱਖ ਕੇਂਦਰ ਭੈਣੀ ਸਾਹਿਬ ਵਿਖੇ ਪੁਲੀਸ ਦੀ ਚੌਂਕੀ ਬਿਠਾਈ ਰੱਖੀ, ਜਿਸਨੂੰ 1923 ਵਿੱਚ ਸੁਤੰਤਰਤਾ ਸੰਗਰਾਮ ਦੇ ਤਪ ਤੇਜ ਨੇ ਹੀ ਉਥੋਂ ਚੁਕਾ ਦਿੱਤਾ। ਸਤਿਗੁਰੂ ਪਰਤਾਪ ਸਿੰਘ ਜੀ ਦੀ ਅਗਵਾਈ ਵਿੱਚ ਨਾਮਧਾਰੀ ਪੰਥ ਨੇ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਤਰੱਕੀ ਕੀਤੀ ਅਤੇ ਸਰਬਪੱਖੀ ਦਿਸ਼ਾਵਾਂ ਵਿੱਚ ਅੱਗੇ ਵਧਣ ਦਾ ਸਫਲ ਯਤਨ ਕੀਤਾ।

**ਧਾਰਮਿਕ ਖੇਤਰ ਵਿੱਚ ਅਗਵਾਈ**

ਮੁੱਖ ਰੂਪ ਵਿੱਚ ਸਤਿਗੁਰੂ ਪਰਤਾਪ ਸਿੰਘ ਧਾਰਮਿਕ ਰਹਿਨੁਮਾ ਸਨ। ਗੁਰੂ ਨਾਨਕ ਦੇਵ ਜੀ ਨੇ ਇਸ ਸੰਸਾਰ ਅਥਵਾ ਧਰਤੀ ਨੂੰ ਧਰਮਸਾਲ ਕਹਿ ਕੇ ਸੰਬੋਧਨ ਕੀਤਾ ਹੈ। ਸੰਸਾਰ ਦਾ ਸੁਪ੍ਰਸਿੱਧ ਨਾਟਕਕਾਰ ਵਿਲੀਅਮ ਸ਼ੈਕਸਪੀਅਰ ਇਸ ਸੰਸਾਰ ਨੂੰ ਰੰਗ-ਮੰਚ ਪ੍ਰਵਾਨ ਕਰਦਾ ਹੈ, ਜਿਸ ਵਿੱਚ ਇਸ ਰੱਬੀ ਨਾਟ ਲੀਲਾ ਵਿੱਚ ਹਰ ਮਨੁੱਖ ਨੇ ਇੱਕ ਪਾਤਰ ਦੀ ਭੂਮਿਕਾ ਨੂੰ ਨਿਭਾਉਣਾ ਹੁੰਦਾ ਹੈ। ਪਰ ਇਹ ਤਾਂ ਇੱਕ ਨਿਰੋਲ ਸੰਸਾਰੀ ਖੇਡ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਦੇ ਵਿਪਰੀਤ, ਧਰਤੀ ਨੂੰ ਧਰਮਸਾਲ ਅਥਵਾ ਧਰਮ ਖੇਤਰ ਕਿਹਾ ਹੈ, ਜਿਸ ਵਿੱਚ ਹਰ ਇੱਕ ਪ੍ਰਾਣੀ ਨੇ ਧਾਰਮਿਕ ਪ੍ਰਕਿਰਿਆ ਕਰਨੀ ਹੈ। ਗੁਰੂ ਨਾਨਕ ਦੇਵ ਜੀ ਦੀ ਮਨੌਤ ਅਨੁਸਾਰ ਹੀ ਧਰਤੀ ਕਿਸੇ ਮਿਥਿਹਾਸਕ ਧੌਲ ਦੇ ਆਸਰੇ ਨਹੀਂ ਖੜ੍ਹੀ ਸਗੋਂ ਧਰਮ ਰੂਪੀ ਧੌਲ ਦੇ ਆਸਰੇ ਖੜ੍ਹੀ ਹੈ। ਧਰਮ ਦਇਆ ਅਤੇ ਸੰਤੋਖ ਦੇ ਸੁਮੇਲ ਦੇ ਆਸਰੇ ਚੱਲ ਰਿਹਾ ਹੈ। ਦੂਜਿਆਂ ਲਈ ਦਇਆ ਆਪਣੇ ਨਿੱਜ ਲਈ ਸੰਤੋਖ, ਗੁਰੂ ਨਾਨਕ ਦੇਵ ਅਨੁਸਾਰ ਇਹ ਧਰਮ ਦਾ ਮੂਲ ਸੂਤਰ ਹੈ। ਜੇਕਰ ਸਤਿਗੁਰੂ ਪਰਤਾਪ ਸਿੰਘ ਵਰਗੇ ਮਹਾਨ ਧਾਰਮਿਕ ਪੁਰਖਾਂ ਦੇ ਜੀਵਨ ਨੂੰ ਗੁਰੂ ਨਾਨਕ ਦੇਵ ਜੀ ਦੀ ਦੱਸੀ ਹੋਈ ਉਪਰਲੀ ਕਸਵੱਟੀ ਉੱਤੇ ਪਰਖਿਆ ਜਾਵੇ ਤਾਂ ਆਪ ਸਰਵੋਤਮ ਧਾਰਮਿਕ ਪ੍ਰਾਣੀ ਸਨ। ਆਪ ਜੀ ਨੇ ਸਦਾ ਆਪਣੇ ਲਈ ਸੰਤੋਖ ਅਤੇ ਦੂਜਿਆਂ ਮਨੁੱਖਾਂ ਲਈ ਹੀ ਨਹੀਂ ਸਗੋਂ ਪਸ਼ੂ ਪੰਛੀਆਂ ਤੱਕ ਆਪਣੀ ਦਇਆ ਨਾਲ ਧਾਰਮਿਕ ਕਾਰਜ ਨੂੰ ਪੂਰੀ ਸੁਹਿਰਦਤਾ ਅਤੇ ਵਿਆਪਕ ਵਿਸ਼ਾਲਤਾ ਨਾਲ ਨਿਭਾਇਆ ਹੈ। ਆਪ ਜੀ ਦੀ ਨਿੱਜੀ ਧਾਰਮਿਕ ਸਾਧਨਾ ਵੀ ਬੇਮਿਸਾਲ ਸੀ ਅਤੇ ਆਪ ਜੀ ਦੀ ਧਾਰਮਿਕ ਪਰਉਪਕਾਰੀ ਭਾਵਨਾ ਵੀ ਆਪਣੇ ਆਪ ਵਿੱਚ ਇੱਕ ਸਰਵੋਤਮ ਚਮਤਕਾਰ ਸੀ। ਦੀਨ ਦੁਖੀ ਲਈ ਦਰਦ, ਗਰੀਬਾਂ ਲਈ ਹਮਦਰਦੀ ਨਿਗਰਿਆਂ, ਨਿਮਾਣਿਆਂ, ਨਿਤਾਣਿਆਂ ਨੂੰ ਆਪਣੀਆਂ ਨਿੱਜੀ ਬਖਸ਼ਿਸ਼ਾਂ ਦੁਆਰਾ ਨੀਚੋਂ ਊਚ ਕਰ ਦੇਣਾ ਸਤਿਗੁਰੂ ਪਰਤਾਪ ਸਿੰਘ ਜੀ ਦੇ ਹੀ ਹਿੱਸੇ ਆਇਆ ਸੀ, ਜਿਸ ਉੱਤੇ ਆਪ ਜੀ ਦੀ ਰਹਿਮਤ ਹੋਈ, ਉਸ ਨੂੰ ਆਪਣੀਆਂ ਬਖ਼ਸ਼ਿਸ਼ਾਂ ਦੁਆਰਾ ਨਿਹਾਲ ਕਰ ਦਿੱਤਾ। ਉਸਨੂੰ ਧਰਮ ਕਰਮ ਵਿੱਚ ਵੀ ਪੂਰਨ ਕੀਤਾ ਅਤੇ ਜੀਵਨ ਦੇ ਰਣਖੇਤਰ ਵਿੱਚ ਉਸਨੂੰ ਆਪਣੇ ਨਿੱਜ ਤੋਂ ਉੱਠ ਕੇ ਪਰਉਪਕਾਰੀ ਬਣਾ ਦਿੱਤਾ, ਅਰਥਾਤ ਆਪਣੇ ਸਿੱਖ ਨੂੰ ਆਪਣਾ ਹੀ ਨਿੱਜ ਸਰੂਪ ਅਤੇ ਆਪਣੇ ਧਾਰਮਿਕ ਗੁਣ ਬਖਸ਼ ਕੇ ਆਤਮਿਕ ਅਤੇ ਪਰਮਾਰਥਕ ਤੌਰ ਤੇ ਮਾਲਾ-ਮਾਲ ਅਤੇ ਭਰਪੂਰ ਕਰ ਦਿੱਤਾ। ਅਨੇਕ ਸੰਤ ਜਨਾਂ ਦੀਆਂ ਮਿਸਾਲਾਂ ਹਨ ਕਿ ਆਪ ਜੀ ਨੇ ਸਮਾਜਿਕ ਤੇ ਧਾਰਮਿਕ ਅਗਵਾਈ ਦੇਣ ਵਾਸਤੇ ਲੋਕਾਂ ਲਈ ਆਦਰਸ਼ਕ ਮਹਾਂਮਾਨਵ ਅਤੇ ਮਾਨਵਤਾ ਦੇ ਸੱਚੇ ਸੇਵਕ ਪੈਦਾ ਕਰ ਦਿੱਤੇ। ਇਸ ਪ੍ਰਕਾਰ, ਆਪ ਜੀ ਦੀ ਅਗਵਾਈ ਅੰਦਰ, ਬੇਅੰਤ ਨਾਮਧਾਰੀ ਇਸਤਰੀ ਪੁਰਸ਼ ਆਪ ਜੀ ਦੇ ਨਦਰਿ-ਕਰਮ ਦੁਆਰਾ ਸੰਸਾਰਕ ਮਨੁੱਖਾਂ ਤੋਂ ਉੱਠ ਕੇ ਧਾਰਮਿਕ ਮਹਾਂਪੁਰਸ਼ ਬਣ ਗਏ ਅਤੇ ਇਉਂ ਆਪ ਜੀ ਨੇ ਵੱਡਾ ਸੰਤ ਸਮੂਹ ਰਚ ਦਿੱਤਾ, ਜੋ ਕਲਯੁਗ ਦੇ ਘੋਰ ਅੰਧਕਾਰ ਵਿੱਚ ਆਪਣੇ ਆਤਮਿਕ ਪ੍ਰਕਾਸ਼ ਦੁਆਰਾ ਪਰਮਾਰਥਕ ਕਰਮਾਂ ਲਈ ਦੂਜੇ ਦੀ ਭਲਾਈ ਅਤੇ ਦੇਸ਼ ਤੇ ਮਾਨਵਤਾ ਦੇ ਹਿੱਤਾਂ ਦੀ ਰਾਖੀ ਅਤੇ ਵਿਕਾਸ ਲਈ ਅੱਗੇ ਆਇਆ। ਸਤਿਗੁਰੂ ਪਰਤਾਪ ਸਿੰਘ ਜੀ ਦੇ ਨਿਵਾਜੇ ਹੋਏ ਸਿੱਖਾਂ ਵਿੱਚ ਕੋਈ ਵੀ ਅਜਿਹਾ ਵਿਅਕਤੀ ਤੁਹਾਨੂੰ ਨਹੀਂ ਮਿਲੇਗਾ, ਜੋ ਸਵਾਰਥੀ ਅਤੇ ਸੌੜੀ ਦ੍ਰਿਸ਼ਟੀ ਵਾਲਾ ਹੋਵੇ। ਸਤਿਗੁਰੂ ਪਰਤਾਪ ਸਿੰਘ ਜੀ ਦੇ ਨਿਵਾਜੇ ਹੋਏ ਗੁਰਸਿੱਖ ਸੰਸਾਰ ਵਿੱਚ ਸਦਾ ਮਨੁੱਖੀ ਆਦਰਸ਼ਾਂ ਨੂੰ ਪ੍ਰਪੱਕ ਕਰਨ ਅਤੇ ਫੈਲਾਉਣ ਵਿੱਚ ਅੱਗੇ-ਅੱਗੇ ਰਹੇ ਹਨ ਅਤੇ ਉਨ੍ਹਾਂ ਵਿੱਚੋਂ ਵਿਰਲੇ ਵਿੱਚ ਹੀ ਕੋਈ ਖੋਟ ਜਾਂ ਕੋਈ ਊਣਤਾਈ

ਦ੍ਰਿਸ਼ਟੀਗੋਚਰ ਹੁੰਦੀ ਹੈ।

ਸਤਿਗੁਰੂ ਪਰਤਾਪ ਸਿੰਘ ਜੀ ਦੇ ਨਿਵਾਜੇ ਹੋਏ ਸੰਤ ਪੁਰਸ਼ਾਂ ਵਿੱਚੋਂ ਵਰਣਨਯੋਗ ਕੁਝ ਇੱਕ ਹਸਤੀਆਂ ਬਾਰੇ ਡਾ. ਕਰਮ ਸਿੰਘ ਕਪੂਰ ਨੇ ਇਸ ਤਰ੍ਹਾਂ ਉਲੇਖ ਕੀਤਾ ਹੈ, "ਆਪ ਜੀ ਨੇ ਨਾਮ ਸਿਮਰਨ ਦੀ ਦਾਤ ਬਖਸ਼ ਕੇ ਕਈ ਮਨੁੱਖਾਂ ਤੋਂ ਦੇਵਤੇ ਬਣਾ ਦਿੱਤੇ, ਜਿਹਾ ਕਿ ਸੰਤ ਰਲਾ ਸਿੰਘ, ਸੰਤ ਆਲਾ ਸਿੰਘ, ਸੰਤ ਅਤਰ ਸਿੰਘ, ਸੰਤ ਸੁੰਦਰ ਸਿੰਘ ਭੂਰੀ ਵਾਲੇ, ਸੰਤ ਮੋਹਨ ਸਿੰਘ, ਸੰਤ ਕਰਮ ਸਿੰਘ ਆਦਿ ਅਜਿਹੀਆਂ ਅਣਗਿਣਤ ਹੀ ਬਖਸ਼ੀਆਂ ਹੋਈਆਂ ਰੂਹਾਂ ਹਨ, ਜੋ ਕਲਜੁਗ ਵਿੱਚ ਸਤਿਜੁਗੀ ਆਚਰਣ ਦੀਆਂ ਪ੍ਰਤੀਕ ਹੋ ਨਿਬੜੀਆਂ ਹਨ। "

ਆਪਣੀ ਨਿੱਜੀ ਧਾਰਮਿਕ ਸਾਧਨਾ (ਜਿਸ ਵਿੱਚ ਕਦੇ ਵੀ ਨੇਮ ਭੰਗ ਨਹੀਂ ਸੀ ਹੋਇਆ) ਤੋਂ ਬਿਨਾਂ ਆਪ ਨੇ ਲੱਖਾਂ ਦੀ ਗਿਣਤੀ ਵਿੱਚ ਇੱਕ ਘੰਟਾ ਨਾਮ ਸਿਮਰਨ ਕਰਨ ਲਈ ਆਦੇਸ਼ ਕੀਤਾ। ਹਰ ਸਾਲ ਇੱਕ ਮਹੀਨੇ ਦੇ ਜਪ ਪ੍ਰਯੋਗਾਂ ਦੇ ਸਮਾਗਮ ਰਚ ਕੇ, ਜਿੱਥੇ ਨਾਮ ਸਿਮਰਨ ਅਤੇ ਕਥਾ ਕੀਰਤਨ ਦਾ ਨਿਰੰਤਰ ਪ੍ਰਵਾਹ ਚਲਦਾ, ਆਪ ਨਾਮ ਨੂੰ ਸਦਾ ਸਭ ਤੋਂ ਉੱਪਰ ਦੱਸਦੇ ਰਹੇ। 1935 ਵਿੱਚ ਸ੍ਰੀ ਭੈਣੀ ਸਾਹਿਬ ਅਤੇ 1947 ਵਿੱਚ ਸ੍ਰੀ ਜੀਵਨ ਨਗਰ ਵਿਖੇ ਵਰਨੀਆਂ ਆਰੰਭ ਕੀਤੀਆਂ। ਇਨ੍ਹਾਂ ਵਰਨੀਆਂ ਵਿੱਚ ਧੂਪ, ਦੀਪ, ਕੁੰਭ ਸੰਜੁਗਤ ਨਿਰੰਤਰ ਅਖੰਡ ਨਾਮ ਸਿਮਰਨ ਕੀਤਾ ਜਾ ਰਿਹਾ ਹੈ। ਸ੍ਰੀਮਤੀ ਬੇਅੰਤ ਕੌਰ ਨਵੀਂ ਦਿੱਲੀ ਅਨੁਸਾਰ ਸਤਿਗੁਰੂ ਪਰਤਾਪ ਸਿੰਘ ਜੀ ਨੇ ਆਦਿ ਗ੍ਰੰਥ ਸਾਹਿਬ ਦੇ ਢਾਈ ਲੱਖ ਸਹਿਜ ਪਾਠ, ਆਦਿ ਗ੍ਰੰਥ ਸਾਹਿਬ ਦੇ ਅਖੰਡ ਪਾਠ, ਦਸਮ ਗ੍ਰੰਥ ਸਾਹਿਬ ਦੇ ਅਖੰਡ ਪਾਠ, ਹਜ਼ਾਰਾਂ ਦੀ ਗਿਣਤੀ ਵਿੱਚ 'ਚੰਡੀ ਦੀ ਵਾਰ' (ਵਾਰ ਸ੍ਰੀ ਭਗਉਤੀ ਜੀ ਕੀ) ਦੇ ਪਾਠ 2 ਲੱਖ 50 ਹਜ਼ਾਰ ਵਿਧੀਗਤ ਰੂਪ ਵਿੱਚ ਕਰਵਾਏ। ਇਸ ਤੋਂ ਛੁੱਟ ਹਰ ਨਾਮਧਾਰੀ ਨੂੰ ਇੱਕ ਘੰਟਾ ਰੋਜ਼ ਨਾਮ ਸਿਮਰਨ ਦਾ ਆਦੇਸ਼ ਦੇ ਕੇ 'ਘਰ-ਘਰ ਅੰਦਰ ਧਰਮਸਾਲ ਹੋਵੇ ਕੀਰਤਨ ਸਦਾ ਵਸੋਆ' ਵਾਲੇ ਵਾਤਾਵਰਨ ਦੀ ਪੁਨਰ ਸੁਰਜੀਤੀ ਰਾਹੀਂ ਗੁਰਸਿੱਖੀ ਦੇ ਫਲਦਾਇਕ ਬ੍ਰਿਛ ਘਰ-ਘਰ ਵਿੱਚ ਲਗਾ ਦਿੱਤੇ, ਜਿਨ੍ਹਾਂ ਦੀ ਭਿੰਨੀ ਮਹਿਕ ਨੇ ਗੁਰਸਿੱਖਾਂ ਦੇ ਹਿਰਦਿਆਂ ਨੂੰ ਕਮਲ ਸਮਾਨ ਸਦ-ਵਿਗਾਸੀ ਖੇੜੇ ਤੇ ਆਤਮਿਕ ਟਿਕਾਉ ਵਾਲੀ ਅਵਸਥਾ ਬਖ਼ਸ਼ ਦਿੱਤੀ। ਆਪ ਜੀ ਦੀ ਅਧਿਆਤਮਿਕਤਾ ਦਾ ਇਹ ਸਭ ਤੋਂ ਵੱਡਾ ਉਪਕਾਰ ਸੀ।

**ਨਿੱਜੀ ਅਭਿਲਾਸ਼ਾ ਤੇ ਵਡਿਆਈ ਤੋਂ ਸੰਕੋਚ**

ਇਸ ਸੰਬੰਧ ਵਿੱਚ ਕੇਵਲ ਦੋ ਉਦਾਹਰਨ ਦੇਣੇ ਹੀ ਕਾਫ਼ੀ ਹੋਣਗੇ । ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਤੋਂ ਕੁਝ ਚਿਰ ਪਹਿਲਾਂ ਜਦੋਂ ਗੁਰਦੁਆਰਾ ਜਨਮ ਸਥਾਨ ਦੇ ਮਹੰਤ ਨਰਾਇਣ ਦਾਸ ਨੇ ਆਪ ਜੀ ਦੇ ਦੀਵਾਨ ਵਿੱਚ ਹਾਜ਼ਰ ਹੋ ਕੇ ਗੁਰਦੁਆਰਾ ਜਨਮ ਸਥਾਨ ਦੀਆਂ ਕੁੰਜੀਆਂ ਸਤਿਗੁਰੂ ਜੀ ਨੂੰ ਸੌਂਪਣੀਆਂ ਚਾਹੀਆਂ ਤਾਂ ਆਪ ਜੀ ਦਾ ਉੱਤਰ ਸੀ "ਮੈਂ ਤਾਂ ਸਤਿਗੁਰੂ ਰਾਮ ਸਿੰਘ ਜੀ ਦੀ ਲੋਹ ਦਾ ਹੀ ਸੇਵਕ ਹਾਂ, ਮੇਰੇ ਲਈ ਤਾਂ ਇਹੋ ਕਾਫ਼ੀ ਹੈ।" ਇਸੇ ਤਰ੍ਹਾਂ 1958 ਵਿੱਚ ਜਦੋਂ ਵਿਰੋਧੀ ਗੁੱਟ ਵੱਲੋਂ ਬਾਬਾ ਬੀਰ ਸਿੰਘ ਨੂੰ ਘਸੀਟਾ ਸਿੰਘ ਦੇ ਕਤਲ ਕੇਸ ਵਿੱਚੋਂ ਬਰੀ ਕਰਾਉਣ ਦੀ ਪੇਸ਼ਕਸ਼ ਕੀਤੀ ਗਈ ਤਾਂ ਆਪ ਜੀ ਦਾ ਉੱਤਰ ਸੀ, "ਮੈਂ ਆਪ ਜੈਸਿਆਂ ਨਾਲ ਕਦੇ ਰਾਸਤੀ ਕਰਨ ਤੇ ਰਾਜ਼ੀ ਨਹੀਂ ਹੋ ਸਕਦਾ, ਤੁਹਾਡਾ ਖਮੀਰ ਮੰਦਾ ਹੈ ਤੇ ਬੀਰ ਸਿੰਘ ਦਾ ਬਰੀ ਹੋਣਾ ਕਰਤੇ ਹੱਥ ਹੈ। ਮੈਂ ਭਲੇ ਲੋਕਾਂ ਦੀ ਪੱਖ ਛੱਡ ਕੇ ਆਪ ਦੇ ਪੱਖ ਵਿੱਚ ਕਦੇ ਨਹੀਂ ਹੋ ਸਕਦਾ। "

**ਮਾਨਵੀ ਦਰਦ ਤੇ ਮਾਨਵਵਾਦੀ ਆਦਰਸ਼**

ਸਤਿਗੁਰੂ ਪਰਤਾਪ ਸਿੰਘ ਜੀ ਦੇ ਹਿਰਦੇ ਵਿੱਚ ਮਾਨਵੀ ਦਰਦ ਦੀ ਭਾਵਨਾ ਕੁੱਟ-ਕੁੱਟ ਕੇ ਭਰੀ ਹੋਈ ਸੀ ਅਤੇ ਆਪ ਜੀ ਨੇ ਆਪਣੇ ਸਾਰੇ ਜੀਵਨ ਵਿੱਚ ਮਾਨਵਵਾਦੀ ਆਦਰਸ਼ਾਂ ਦਾ ਪੱਲਾ ਵੀ ਕਦੇ ਹੱਥੋਂ ਨਹੀਂ ਸੀ ਛੱਡਿਆ। ਦੀਨ ਦੁਖੀਆਂ ਦੇ ਦੁੱਖਾਂ ਕਸ਼ਟਾਂ ਦੀ ਗੱਲ ਸੁਣ ਕੇ ਆਪ ਜੀ ਦਾ ਕੋਮਲ ਹਿਰਦਾ ਇੱਕਦਮ ਪਸੀਜ ਜਾਂਦਾ ਤੇ ਆਪ ਵੱਧ ਤੋਂ ਵੱਧ ਉਸਦੀ ਸਹਾਇਤਾ ਕਰਦੇ ਸਨ। ਇਸੇ ਤਰ੍ਹਾਂ ਆਪ ਜੀ ਨੇ ਮਾਨਵੀ ਆਦਰਸ਼ਾਂ ਨੂੰ ਸਦਾ ਆਪਣੇ ਜੀਵਨ ਵਿੱਚ ਧਾਰਨ ਕੀਤਾ। ਜਦੋਂ 1947 ਦੀ ਦੇਸ਼-ਵੰਡ ਹੋਣ ਵਾਲੀ ਸੀ ਅਤੇ ਫਿਰਕੂ ਨਫ਼ਰਤ ਦਾ ਜ਼ਹਿਰ ਧਾਰਮਿਕ ਜਨੂੰਨ ਬਣ ਕੇ ਬਹੁਤ ਸਾਰੇ ਲੋਕਾਂ ਨੂੰ ਰਾਹੋਂ ਭਟਕਾ ਰਿਹਾ ਸੀ ਅਤੇ ਕਤਲਾਂ ਤੇ ਮਾਰ-ਧਾੜ ਦਾ ਜ਼ੋਰ ਬਹੁਤ ਵੱਧ ਗਿਆ ਤਾਂ ਸਤਿਗੁਰੂ ਜੀ ਨੇ ਪੱਛਮੀ ਪੰਜਾਬ ਦੇ ਹਿੰਦੂ-ਸਿੱਖ ਲੋਕਾਂ ਨੂੰ ਪੂਰਬੀ ਪੰਜਾਬ ਵਿੱਚ ਆਉਣ ਦਾ ਹੋਕਾ ਦਿੱਤਾ। ਨਾਮਧਾਰੀ ਪਰਿਵਾਰਾਂ ਲਈ ਤਾਂ ਆਪ ਨੇ ਪਹਿਲਾਂ ਆਪ, ਫਿਰ ਬਾਬਾ ਜਗਜੀਤ ਸਿੰਘ ਜੀ ਨੂੰ ਭੇਜ ਕੇ, ਘਰ-ਘਰ ਜਾ ਕੇ, ਰਾਵੀ ਤੋਂ ਇੱਧਰ ਆ ਜਾਣ ਲਈ ਕਿਹਾ। ਇਹ ਆਪਣੇ ਆਪ ਨੂੰ ਖਤਰੇ ਵਿੱਚ ਪਾ ਕੇ ਵੀ ਆਪਣੇ ਸੇਵਕਾਂ ਨੂੰ ਬਚਾਉਣ ਤੇ ਉਨ੍ਹਾਂ ਦੀ ਰੱਖਿਆ ਕਰਨ ਵਾਲੀ ਬਲਵਾਨ ਭਾਵਨਾ ਸੀ। ਪੱਛਮੀ ਪੰਜਾਬ ਵਿੱਚੋਂ ਆਉਣ ਵਾਲੇ ਸ਼ਰਨਾਰਥੀਆਂ ਲਈ ਆਪ ਜੀ ਨੇ ਪਹਿਲਾਂ ਹੀ ਪ੍ਰਬੰਧ ਕਰ ਰੱਖੇ ਸਨ ਅਤੇ ਜੀਵਨ ਨਗਰ ਦੇ ਇਲਾਕੇ ਵਿੱਚ ਕਈ ਪਿੰਡਾਂ ਦੀ ਜ਼ਮੀਨ ਖਰੀਦ ਕੇ ਸ਼ਰਨਾਰਥੀ ਸਿੱਖਾਂ ਦੇ ਮੁੜ ਵਸੇਬੇ ਦਾ ਪ੍ਰਬੰਧ ਕਰ ਦਿੱਤਾ ਸੀ।

ਕੇਵਲ ਇੱਥੇ ਹੀ ਬਸ ਨਹੀਂ, ਸਗੋਂ ਏਧਰੋਂ ਜਾਣ ਵਾਲੇ ਮੁਸਲਮਾਨ ਵਿਸਥਾਪਤਾ ਲਈ ਸ੍ਰੀ ਭੈਣੀ ਸਾਹਿਬ ਦਾ ਸਦਾ ਵਰਤ ਲੰਗਰ ਸਦਾ ਲੋੜਵੰਦਾਂ ਦੀ ਅੰਨ-ਜਲ ਦੀ ਸਹਾਇਤਾ ਕਰਦਾ ਰਿਹਾ। ਸਤਿਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਇਹ ਸਖ਼ਤ ਹੁਕਮ ਕਰ ਦਿੱਤਾ ਸੀ ਕਿ ਕੋਈ ਵੀ ਨਾਮਧਾਰੀ ਸਿੱਖ ਬੇਗੁਨਾਹ ਮੁਸਲਮਾਨਾਂ ਦੀ ਹੱਤਿਆ ਨਾ ਕਰੇ ਤੇ ਉਨ੍ਹਾਂ ਦੀਆਂ ਬਹੁ-ਬੇਟੀਆਂ ਦੀ ਇੱਜ਼ਤ ਨੂੰ ਆਂਚ ਨਾ ਲੱਗਣ ਦੇਵੇ।

1950 ਦੇ ਦਹਾਕੇ ਵਿੱਚ ਜਦੋਂ ਪੰਜਾਬ ਵਿੱਚ ਵੀ ਵਿਸ਼ਵ ਅਮਨ ਲਹਿਰ ਅਧੀਨ ਅਮਨ ਸੰਮੇਲਨ ਕੀਤੇ ਗਏ ਤਾਂ ਆਪ ਜੀ ਦਾ ਅੰਮ੍ਰਿਤਸਰ ਦੇ ਵਿਸ਼ਵ ਸੰਮੇਲਨ ਵਿੱਚ ਕਹੇ ਗਏ ਇਹ ਸ਼ਬਦ ਬੜੇ ਵੱਡਮੁੱਲੇ ਸਨ:- "ਕਿ ਜਿਵੇਂ ਮਰਦੇ ਦੀ ਅੰਤਲੇ ਦਮ ਤੱਕ ਦਵਾਈ ਨਹੀਂ ਛੱਡੀਦੀ, ਤਿਵੇਂ ਤੁਸੀਂ ਸਭ ਯਤਨ ਰੱਖੋ, ਸੰਸਾਰ ਦੀ ਸ਼ਾਂਤੀ ਲਈ।" ਚੇਤੇ ਰਹੇ ਕਿ ਭਾਵੇਂ ਦੂਸਰੇ ਮਹਾਂਯੁੱਧ ਵਿੱਚ ਬਰਤਾਨੀਆ, ਅਮਰੀਕਾ ਤੇ ਫਰਾਂਸ ਆਦਿ ਮਿੱਤਰ ਸ਼ਕਤੀਆਂ (Aliled Forces) ਨੇ ਸੋਵੀਅਤ ਯੂਨੀਅਨ ਨਾਲ ਮਿਲ ਕੇ ਜਰਮਨੀ ਦੇ ਹਿਟਲਰ ਦੇ ਫਾਸ਼ੀਵਾਦ ਵਿਰੁੱਧ ਹਿਟਲਰ, ਮੋਸੋਲੀਨੀ ਅਤੇ ਟੋਜੋ ਦੀਆਂ ਫਾਸ਼ੀਵਾਦੀ ਸ਼ਕਤੀਆਂ ਦਾ ਟਾਕਰਾ ਕੀਤਾ ਸੀ ਅਤੇ ਅਗਸਤ 1945 ਵਿੱਚ ਪਰਮਾਣੂ ਬੰਬਾਂ ਦੀ ਵਰਤੋਂ ਕਰਕੇ ਹੀਰੋਸ਼ੀਮਾ ਤੇ ਨਾਗਾਸਾਕੀ ਦੀ ਭਿਆਨਕ ਤਬਾਹੀ ਪਿਛੋਂ ਦੂਜਾ ਸੰਸਾਰ ਯੁੱਧ ਜਿੱਤ ਲਿਆ ਸੀ, ਪਰ ਹੁਣ ਮਿੱਤਰ ਸ਼ਕਤੀਆਂ ਵਿੱਚ ਵੀ ਆਪਣੇ-ਆਪਣੇ ਵਿਸ਼ੇਸ਼ ਸਾਮਰਾਜਵਾਦੀ ਹਿੱਤਾਂ ਨੂੰ ਮੁੱਖ ਰੱਖ ਕੇ ਦੁਫੇੜ ਆ ਗਈ ਸੀ ਤੇ ਸੰਸਾਰ ਮੁੜ ਦੋ ਧੜਿਆਂ ਵਿੱਚ ਵੰਡਿਆ ਗਿਆ ਸੀ। ਇੱਕ ਪਾਸੇ ਸੋਵੀਅਤ ਯੂਨੀਅਨ ਤੇ ਪੂਰਬੀ ਯੂਰਪ ਦੇ ਹੋਰ ਸਮਾਜਵਾਦੀ ਦੇਸ਼ ਅਤੇ ਚੀਨ ਤੇ ਉੱਤਰੀ ਕੋਰੀਆ ਦਾ ਧੜਾ ਸੀ ਅਤੇ ਦੂਜੇ ਬੰਨੇ ਪੱਛਮੀ ਸਾਮਰਾਜਵਾਦੀ ਦੇਸ਼ ਦੂਜਾ ਧੜਾ ਬਣ ਗਿਆ ਸੀ । ਇਸ ਤਰ੍ਹਾਂ ਸੰਸਾਰ ਦੋ ਧੜਿਆਂ ਵਿੱਚ ਵੰਡਿਆ ਗਿਆ ਸੀ ਅਤੇ ਸੰਸਾਰ ਦੇ ਦੋਵੇਂ ਧੜਿਆਂ ਵਿੱਚ ਖਿੱਚੋਤਾਣ ਬਹੁਤ ਵੱਧ ਗਈ ਸੀ। ਤੀਜੇ ਮਹਾਂਯੁੱਧ ਨੂੰ ਰੋਕਣ ਲਈ ਹੀ ਵਿਆਨਾ, ਆਸਟਰੀਆ ਵਿਖੇ ਵਿਸ਼ਵ-ਅਮਨ ਲਹਿਰ ਨੂੰ ਜਥੇਬੰਦ ਕੀਤਾ ਗਿਆ ਸੀ। ਦੋਵਾਂ ਸਮਾਜਵਾਦੀ ਤੇ ਸਾਮਰਾਜਵਾਦੀ ਧੜਿਆਂ ਵਿੱਚ ਹਥਿਆਰਾਂ ਦੀ ਦੌੜ ਸ਼ੁਰੂ ਹੋ ਗਈ ਸੀ। ਅੰਮ੍ਰਿਤਸਰ ਦੇ ਵਿਸ਼ਵ ਅਮਨ ਸੰਮੇਲਨ ਵਿੱਚ ਹੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਐਲਾਨ ਕੀਤਾ ਸੀ ਕਿ ਜਿੰਨਾ ਚਿਰ ਤੱਕ ਦੋਵਾਂ ਧੜਿਆਂ ਵਿੱਚ ਹਥਿਆਰਾਂ ਦੀ ਦੌੜ ਤੇ ਨਵੇਂ-ਨਵੇਂ ਵਿਨਾਸ਼ਕਾਰੀ ਹਥਿਆਰਾਂ ਦੀਆਂ ਕਾਢਾਂ ਪਰਮਾਣੂ ਬੰਬ ਅਤੇ ਹਾਈਡਰੋਜਨ ਬੰਬ ਬਣਦੇ ਰਹਿਣਗੇ, ਸੰਸਾਰ ਵਿੱਚ ਅਮਨ ਕਿਵੇਂ ਹੋ ਸਕਦਾ ਹੈ?

**ਵਿਰੋਧਾਂ ਨੂੰ ਮੇਟ ਕੇ ਸਾਰਥਕ ਉਦੇਸ਼ਾਂ ਲਈ ਇੱਕ ਸਾਂਝਾ ਮੰਚ ਸਥਾਪਿਤ ਕਰਨਾ**

ਸਤਿਗੁਰੂ ਪਰਤਾਪ ਸਿੰਘ ਜੀ ਦੀ ਇੱਕ ਵੱਡੀ ਦੇਣ ਭਿੰਨ-ਭਿੰਨ ਦ੍ਰਿਸ਼ਟੀਕੋਣ ਰੱਖਣ ਵਾਲੇ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਸਾਂਝੇ ਮਨੁੱਖੀ ਆਦਰਸ਼ਾਂ ਦੀ ਪ੍ਰਾਪਤੀ ਲਈ ਸਭ ਨੂੰ ਇੱਕੋ ਮੰਚ ਉੱਤੇ ਲਿਆ ਕੇ ਸਾਂਝੇ ਭਰਾਤਰੀ ਭਾਵ ਦੀ ਭਾਵਨਾ ਨੂੰ ਜਾਗਰੂਪ ਕਰਨਾ ਸੀ। ਇਹ ਸਤਿਗੁਰੂ ਪਰਤਾਪ ਸਿੰਘ ਜੀ ਦੀ ਕਰਾਮਾਤੀ ਸ਼ਖ਼ਸੀਅਤ ਦਾ ਚਮਤਕਾਰੀ ਗੁਣ ਸੀ। 1934 ਦੀ ਗੁਰੂ ਨਾਨਕ ਨਾਮ ਲੇਵਾ ਸੰਪ੍ਰਦਾਵਾਂ ਦੀ ਸ੍ਰੀ ਭੈਣੀ ਸਾਹਿਬ ਦੀ ਇਕੱਤਰਤਾ ਤੇ ਹੋਰ ਥਾਵਾਂ ਦੇ ਸੰਮੇਲਨ ਇਸ ਗੱਲ ਦੀ ਸ਼ਾਹਦੀ ਭਰਦੇ ਹਨ। ਕਿ ਕਿਵੇਂ ਆਪ ਦੀ ਪ੍ਰੇਰਨਾ ਸਦਕਾ ਸਾਂਝੇ ਲਖਸ਼ਾਂ ਦੀ ਪ੍ਰਾਪਤੀ ਲਈ ਆਪਣੇ-ਆਪਣੇ ਮੱਤਭੇਦ ਭੁਲਾ ਕੇ ਸਾਂਝੀਵਾਲਤਾ ਦੇ ਸੂਤਰ ਵਿੱਚ ਪਰੋਏ ਗਏ। ਇਸ ਸੰਬੰਧ ਵਿੱਚ ਸਤਿਗੁਰੂ ਜੀ ਨੇ ਅਰਦਾਸ ਦੇ ਮਸਲੇ ਨੂੰ ਇੱਕ ਪਾਸੇ ਕਰ ਕੇ ਦੂਜਿਆਂ ਦੀ ਗੱਲ ਨੂੰ ਪ੍ਰਵਾਨ ਕਰ ਲਿਆ ਅਤੇ ਆਪਣੇ ਮੱਤ ਬਾਰੇ ਕੱਟੜਤਾ ਤੋਂ ਦੂਰ ਰਹਿ ਕੇ ਸਾਂਝ ਨੂੰ ਕਾਇਮ ਰੱਖਣ ਲਈ ਦੂਜਿਆਂ ਦੇ ਮੱਤ ਨੂੰ ਪ੍ਰਵਾਨ ਕਰ ਲਿਆ ਤਾਂ ਜੋ ਸਾਂਝੇ ਲਕਸ਼ਾਂ ਦੀ ਪ੍ਰਾਪਤੀ ਵਿੱਚ ਕੋਈ ਵਿਘਨ ਨਾ ਪਵੇ। ਇਸੇ ਤਰ੍ਹਾਂ ਆਪ ਜੀ ਨੇ 1943 ਵਿੱਚ ਹਿੰਦੂ, ਸਿੱਖ, ਮੁਸਲਮਾਨਾਂ ਦੀਆਂ ਸਾਂਝੀਆਂ ਇਕੱਤਰਤਾਵਾਂ ਕਰਕੇ ਸਿੱਧ ਕਰ ਦਿੱਤਾ ਕਿ ਸਭ ਧਰਮਾਂ ਦੇ ਭਾਰਤੀਆਂ ਨੂੰ ਸਾਂਝੇ ਆਦਰਸ਼ਾਂ ਦੀ ਪ੍ਰਾਪਤੀ ਲਈ ਇੱਕ ਮੁੱਠ ਹੋ ਕੇ ਰਲ ਮਿਲ ਕੇ ਚੱਲਣਾ ਚਾਹੀਦਾ ਹੈ। 18 ਵੀਂ ਸਦੀ ਦੀ ਫਰਾਂਸ ਦੀ ਕ੍ਰਾਂਤੀ ਨੇ ਵੀ ਸੁਤੰਤਰਤਾ, ਸਮਾਨਤਾ ਤੇ ਭਰਾਤਰੀਅਤਾ ਦਾ ਪਾਠ ਪੜ੍ਹਾਇਆ ਸੀ। ਸਤਿਗੁਰੂ ਪਰਤਾਪ ਸਿੰਘ ਜੀ ਨੇ ਵੀ ਭਾਰਤ ਦੀ ਸੁਤੰਤਰਤਾ ਦੇ ਸੰਗਰਾਮ ਨੂੰ ਸਿਰੇ ਚਾੜ੍ਹਨ ਲਈ ਅਜਿਹੀ ਕ੍ਰਾਂਤੀਕਾਰੀ ਨੀਤੀ ਨੂੰ ਹੀ ਸਨਮੁੱਖ ਰੱਖਿਆ ਸੀ। 1940 ਦੇ ਦਹਾਕੇ ਦੇ ਏਕਤਾ ਸੰਮੇਲਨਾਂ ਵਿੱਚ ਸਤਿਗੁਰੂ ਪਰਤਾਪ ਸਿੰਘ ਵੱਲੋਂ ਕੀਤੇ ਗਏ ਯਤਨਾਂ ਵਿੱਚ ਭਰਾਤਰੀਅਤਾ ਦੇ ਇਹੋ ਕ੍ਰਾਂਤੀਕਾਰੀ ਲਕਸ਼ ਹੀ ਪ੍ਰਧਾਨ ਸਨ।

**ਹੱਥੀਂ ਕਿਰਤ ਕਰਨਾ ਤੇ ਵੰਡ ਛਕਣਾ**

ਜਦੋਂ ਨਾਭੇ ਦੇ ਮਹਾਰਾਜਾ ਰਿਪੁਦਮਨ ਸਿੰਘ ਵੱਲੋਂ ਟਿੱਕਾ ਪ੍ਰਤਾਪ ਸਿੰਘ ਦੇ ਜਨਮ ਸਮੇਂ ਸਤਿਗੁਰੂ ਜੀ ਨੂੰ ਮਰਾਰੜੂ ਦੀ ਬੀੜ ਭੇਟ ਕੀਤੀ ਗਈ ਤਾਂ ਆਪ ਜੀ ਨੇ ਉਸ 1281 ਏਕੜ ਦੀ ਜ਼ਮੀਨ ਨੂੰ ਆਪਣੇ ਹੱਥੀਂ ਕਹੀ ਫੜ ਕੇ ਆਬਾਦ ਕਰਨ ਵਿੱਚ ਹਿੱਸਾ ਪਾਇਆ ਅਤੇ 60 ਘੁਮਾਂ ਜ਼ਮੀਨ ਸ੍ਰੀ

ਭੈਣੀ ਸਾਹਿਬ ਦੇ ਲੋਹ ਲੰਗਰ ਲਈ ਰੱਖ ਕੇ ਬਾਕੀ ਜ਼ਮੀਨ ਬੇਜ਼ਮੀਨੇ, ਲੋੜਵੰਦ 115-120 ਪਰਿਵਾਰਾਂ ਨੂੰ ਸਾਢੇ ਤਿੰਨ ਘੁਮਾਂ ਤੋਂ ਦਸ ਘੁਮਾਂ ਘਰ ਪ੍ਰਤੀ ਦੇ ਕੇ ਉਨ੍ਹਾਂ ਨੂੰ ਸੌਖਾ ਗੁਜਰਾਨ ਕਰਨ ਦੇ ਯੋਗ ਬਣਾ ਦਿੱਤਾ।

ਇਸੇ ਤਰ੍ਹਾਂ ਸ੍ਰੀ ਜੀਵਨ ਨਗਰ ਦੇ ਇਲਾਕੇ ਦੀ ਖਰੀਦੀ ਗਈ ਭੂਮੀ ਲਈ 500 ਏਕੜ ਸਤਿਗੁਰੂ ਹਰੀ ਸਿੰਘ ਵਿਦਿਆਲੇ ਲਈ ਰਾਖਵੀਂ ਰੱਖ ਕੇ ਬਾਕੀ ਦੀ ਜ਼ਮੀਨ ਨਿਆਪੂਰਵਕ ਢੰਗ ਨਾਲ ਜਿੰਨਾ-ਜਿੰਨਾ ਕਿਸੇ ਦਾ ਹੱਕ ਬਣਦਾ ਸੀ, ਆਏ ਸ਼ਰਨਾਰਥੀਆਂ ਦੇ ਹਵਾਲੇ ਕਰ ਦਿੱਤੀ। ਇਸ ਤੋਂ ਬਿਨਾਂ, ਕੁਝ ਭੂਮੀ ਚੰਗੀ ਨਸਲ ਦੀਆਂ ਗਊਆਂ, ਮੱਝਾਂ ਅਤੇ ਘੋੜਿਆਂ ਦੀਆਂ ਨਸਲਾਂ ਦੇ ਸੁਧਾਰ ਲਈ ਰਾਖਵੀਂ ਕੀਤੀ ਤਾਂ ਜੋ ਲੋਕਾਂ ਨੂੰ ਇਹ ਦੱਸਿਆ ਜਾ ਸਕੇ ਕਿ ਪਸ਼ੂ-ਧਨ ਦੀ ਚੰਗੀ ਸੰਭਾਲ ਕਿਵੇਂ ਕਰਨੀ ਚਾਹੀਦੀ ਹੈ।

ਪਸ਼ੂਆਂ ਦੀ ਸੇਵਾ-ਸੰਭਾਲ, ਨਸਲਾਂ ਦਾ ਸੁਧਾਰ, ਉਨ੍ਹਾਂ ਦੇ ਰੋਗਾਂ ਅਤੇ ਇਲਾਜ ਬਾਰੇ ਸਤਿਗੁਰੂ ਜੀ ਦਾ ਨਿੱਜੀ ਗਿਆਨ ਤੇ ਅਨੁਭਵ ਬਹੁਤ ਵਿਸ਼ਾਲ ਸੀ। ਆਪ ਜੀ ਦਾ ਪਸ਼ੂਆਂ ਪ੍ਰਤੀ ਪ੍ਰੇਮ ਤੇ ਉਨ੍ਹਾਂ ਦੇ ਹੋਰ ਵਾਧੇ ਬਾਰੇ ਆਪ ਜੀ ਦਾ ਤਜਰਬਾ ਗਿਆਨ ਸਭ ਪਸ਼ੂ-ਪਾਲਕਾਂ ਲਈ ਅਗਵਾਈ ਕਰਨਯੋਗ ਸੀ। ਆਪਣੀਆਂ ਗਊਆਂ, ਮੱਝਾਂ ਅਤੇ ਘੋੜਿਆਂ ਸੰਬੰਧੀ ਆਪ ਜੀ ਦਾ ਮੋਹ ਏਨਾ ਡੂੰਘਾ ਅਤੇ ਵਿਆਪਕ ਸੀ ਕਿ ਆਪ ਜੀ ਨੇ ਆਪਣੇ ਹਰ ਪਸ਼ੂ ਦੇ ਨਾਮ ਰੱਖੇ ਹੋਏ ਸਨ, ਜਿਨ੍ਹਾਂ ਨਾਲ ਉਹ ਉਹਨਾਂ ਨੂੰ ਬੁਲਾਉਂਦੇ ਅਤੇ ਜਾਨਵਰ ਤੇ ਪਸ਼ੂ ਉਨ੍ਹਾਂ ਤੋਂ ਥਾਪੜੇ ਤੇ ਪਿਆਰ ਲਈ ਤਾਂਘਦੇ ਰਹਿੰਦੇ।

ਆਪ ਜੀ ਦੇ ਪਸ਼ੂ-ਧਨ ਦੇ ਪ੍ਰੇਮ ਤੇ ਉਮਾਹ ਸੰਬੰਧੀ ਡਾ. ਕਰਮ ਸਿੰਘ ਕਪੂਰ ਇੰਞ ਵਰਣਨ ਕਰਦਾ ਹੈ : "ਜੀਵਨ ਨਗਰ ਦੇ ਸ੍ਰੀ ਗੁਰੂ ਹਰੀ ਸਿੰਘ ਫ਼ਾਰਮ ਦੀਆਂ ਗਊਆਂ ਦੀ ਪ੍ਰਸਿੱਧੀ ਬੇਮਿਸਾਲ ਹੈ। ਦੁੱਧ ਘਿਓ ਵੱਲੋਂ ਤਾਂ ਇਨ੍ਹਾਂ ਭਾਰਤ ਦੇ ਸਾਰੇ ਰਿਕਾਰਡ ਮਾਤ ਕਰ ਦਿੱਤੇ ਹਨ। ਆਪ ਜੀ ਨੇ ਆਪਣੀਆਂ ਗਊਆਂ ਦੇ ਨਾਂ ਵੀ ਕਿਸੇ ਅਲੌਕਿਕ ਤੇ ਧਾਰਮਿਕ ਪਿਆਰ ਦੇ ਜਜ਼ਬੇ ਅਧੀਨ, ਪੁਤਲੀ, ਗੰਗਾ, ਜਮਨਾ, ਸੁਰਸਤੀ, ਨਵਰਤਨ, ਨੌਲਖੀ, ਸੱਸੀ, ਸੁਰੱਯਾ ਅਤੇ ਮੀਨਾ ਆਦਿ ਰੱਖੇ ਹੋਏ ਸਨ। ਗਊਆਂ ਦੇ ਮੁਕਾਬਲੇ ਵਿੱਚ ਸਰਬ-ਰੱਖਿਅਕ ਭਗਵਾਨ ਦੇ ਵਿਸ਼ਾਲ ਮਨ ਵਿੱਚ ਮੱਝਾਂ ਅਤੇ ਘੋੜੇ ਘੋੜੀਆਂ ਲਈ ਵੀ ਓਨੀ ਹੀ ਥਾਂ ਸੀ। ਜੇਕਰ ਮੱਝਾਂ ਦੇ ਨਾਂ ਸੋਹਣੀ, ਪਿਆਰੋ, ਫੁੱਲ, ਹੀਰ ਤੇ ਲਾਜੋ ਆਦਿ ਰੱਖੇ ਤਾਂ ਘੋੜੀਆਂ ਨੂੰ ਪੰਜਾਬਣ, ਛੈਲ, ਦਿਲਦਾਰ, ਸ਼ੀਹਣੀ, ਸ਼ਕੁੰਤਲਾ, ਵਿਜੈ ਹਿੰਦ ਦੇ ਨਾਵਾਂ ਨਾਲ ਸ਼ਿੰਗਾਰਿਆ ਅਤੇ ਘੋੜਿਆਂ ਨੂੰ ਬੱਬਰ-ਬਾਹਨ, ਬਾਜ਼, ਜੈਭਾਰਤ, ਪਵਨ ਅਤੇ ਕੇਸਰੀ ਦਾ ਖਿਤਾਬ ਦੇ ਸਨਮਾਨਿਆ। ਗਊਆਂ ਨਾਲੋਂ ਆਪ ਜੀ ਦੀਆਂ ਘੋੜੀਆਂ ਅਤੇ ਘੋੜੇ ਵੀ ਪਿੱਛੇ ਨਹੀਂ ਰਹੇ। ਘੋੜੇ ਘੋੜੀਆਂ ਨੇ ਤਾਂ ਕਈ ਮਾਅਰਕੇ ਦੀਆਂ ਰੇਸਾਂ ਜਿੱਤ ਦੇਸਾਂ-ਵਿਦੇਸ਼ਾਂ ਵਿੱਚ ਧਾਕਾਂ ਪਾ ਦਿੱਤੀਆਂ।"

**ਮਾਤ ਭਾਸ਼ਾ ਪੰਜਾਬੀ ਲਈ ਵਿਸ਼ੇਸ਼ ਹਿੱਤ**

ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਸਿੱਖ ਗੁਰੂ ਸਾਹਿਬਾਨ ਨੇ ਸੁਦੇਸ਼ੀ ਭਾਸ਼ਾਵਾਂ ਲਈ ਵਿਸ਼ੇਸ਼ ਉਤਸ਼ਾਹ ਦਰਸਾਇਆ। ਨਾ ਕੇਵਲ ਆਪ ਇਨ੍ਹਾਂ ਭਾਸ਼ਾਵਾਂ ਵਿੱਚ ਬਾਣੀ ਦੀ ਰਚਨਾ ਕੀਤੀ ਅਤੇ ਜਨਮ ਸਾਖੀਆਂ ਲਿਖਵਾਈਆਂ, ਸਗੋਂ ਬਹੁਤ ਸਾਰੇ ਸਾਹਿਤ ਦੀ ਸੰਭਾਲ ਕਰਕੇ ਉਨ੍ਹਾਂ ਉਸ ਨੂੰ ਸਦਾ ਲਈ ਸੁਰੱਖਿਅਤ ਕਰ ਦਿੱਤਾ। ਆਦਿ ਗ੍ਰੰਥ ਸਾਹਿਬ ਦੀਆਂ ਪੁਰਾਤਨ ਬੀੜਾਂ ਤੇ ਹੋਰ ਸਾਹਿਤ ਨੂੰ ਖੂਬਸੂਰਤ ਰੰਗਦਾਰ ਹਾਸ਼ੀਏ ਵਾਲੇ ਹੰਢਣਸਾਰ ਕਾਗਜ਼ਾਂ ਉੱਤੇ ਲਿਖਵਾਇਆ। ਉਹੀ ਪਰੰਪਰਾ ਨਾਮਧਾਰੀ ਗੁਰੂ ਸਾਹਿਬਾਨ ਦੇ ਸਮੇਂ ਜਾਰੀ ਰਹੀ। ਸਤਿਗੁਰੂ ਪਰਤਾਪ ਸਿੰਘ ਜੀ ਦਾ ਵੀ ਪੰਜਾਬੀ ਮਾਤ ਭਾਸ਼ਾ ਦੀ ਉੱਨਤੀ ਸੰਬੰਧੀ ਯੋਗਦਾਨ ਬੜਾ ਮਹੱਤਵਪੂਰਨ ਹੈ। ਆਪ ਜੀ ਦੀ ਸਰਪ੍ਰਸਤੀ ਵਿੱਚ ਹੀ 'ਕੂਕਾ', 'ਸਤਿਜੁਗ' ਵਰਗੇ ਪੱਤਰ ਜਾਰੀ ਹੋਏ। ਸ੍ਰੀ ਭੈਣੀ ਸਾਹਿਬ ਵਿਖੇ 'ਰਾਮ ਹਰੀ ਵਿਦਿਆਲਾ' ਖੋਲ੍ਹਿਆ ਗਿਆ ਤਾਂ ਜੋ ਵਿਦਿਆਰਥੀ ਮਾਤ-ਭਾਸ਼ਾ ਪੰਜਾਬੀ ਤੇ ਗੁਰਮੁਖੀ ਅੱਖਰਾਂ ਨਾਲ ਭਲੀ ਪ੍ਰਕਾਰ ਪਰਿਚਿਤ ਤੇ ਪ੍ਰਵੀਨ ਹੋ ਸਕਣ। 17-18 ਅਕਤੂਬਰ 1942 ਨੂੰ ਆਪ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਸ. ਬਲਦੇਵ ਸਿੰਘ ਦੀ ਪ੍ਰਧਾਨਗੀ ਵਿੱਚ ਪੰਜਾਬੀ ਕਾਨਫਰੰਸ ਕੀਤੀ, ਜਿਸ ਵਿੱਚ ਕਈ ਪੰਜਾਬੀ ਦੇ ਉੱਘੇ ਲੇਖਕ ਸ਼ਾਮਲ ਹੋਏ ਅਤੇ ਪੰਜਾਬੀ ਮਾਤ-ਭਾਸ਼ਾ ਦੇ ਵਾਧੇ ਲਈ ਕਈ ਮਤੇ ਪਾਸ ਕੀਤੇ ਗਏ। ਸਤਿਗੁਰੂ ਜੀ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਵਰਗੀਆਂ ਸੰਸਥਾਵਾਂ ਨੂੰ ਵੀ ਆਪਣੇ ਵੱਲੋਂ ਪੂਰਨ ਸਹਿਯੋਗ ਦਾ ਯਕੀਨ ਦੁਆਇਆ।

ਪੰਜਾਬੀ ਲੇਖਕਾਂ ਦਾ ਇੱਕ ਵੱਡਾ ਮੰਡਲ ਆਪ ਜੀ ਦੇ ਸਨੇਹ ਅਤੇ ਉਤਸ਼ਾਹ ਦਾ ਸਦਾ ਪਾਤਰ ਰਿਹਾ। ਸੰਤ ਨਿਧਾਨ ਸਿੰਘ ਆਲਮ, ਸੰਤ ਇੰਦਰ ਸਿੰਘ ਚੱਕਰਵਰਤੀ, ਅਵਤਾਰ ਸਿੰਘ ਆਜ਼ਾਦ, ਸ. ਗੁਰਬਖਸ਼ ਸਿੰਘ, ਪ੍ਰਿੰ. ਤੇਜਾ ਸਿੰਘ, ਲਾਲਾ ਧਨੀ ਰਾਮ ਚਾਤ੍ਰਿਕ, ਗਿਆਨੀ ਹੀਰਾ ਸਿੰਘ ਦਰਦ, ਗਿਆਨੀ ਗੁਰਮੁੱਖ ਸਿੰਘ ਮੁਸਾਫਰ, ਤ੍ਰਿਲੋਕ ਸਿੰਘ ਤੂਫਾਨ, ਡਾ. ਕਰਮ ਸਿੰਘ ਕਪੂਰ, ਸ. ਨਾਹਰ ਸਿੰਘ ਗਰੇਵਾਲ ਇਤਿਹਾਸਕਾਰ, ਹਰਨਾਮ ਸਿੰਘ ਬਗਲੀ ਵਾਲਾ, ਪ੍ਰੀਤਮ ਸਿੰਘ ਕਵੀ ਆਦਿ ਸਭ ਨਾਲ ਆਪ ਜੀ ਦਾ ਪ੍ਰੇਮ ਸੀ।

**ਬਾਕੀ ਸਫਾ ਨੰ 26 'ਤੇ**

# ਜੋ ਬ੍ਰਹਿਮੰਡੇ ਸੋਈ ਪਿੰਡੇ, ਜੋ ਖੋਜੇ ਸੋ ਪਾਏ

ਪ੍ਰਿੰ. ਨਿਰੰਜਨ ਸਿੰਘ

ਨਿਰਗੁਨ ਆਪਿ ਸਰਗੁਨੁ ਭੀ ਓਹੀ
ਕਲਾ ਧਾਰਿ ਜਿਨਿ ਸਗਲੀ ਮੋਹੀ॥

ਇਹ ਸੰਸਾਰ ਇੱਕੋ ਜੋਤਿ ਦਾ ਪਸਾਰਾ ਹੈ। ਅੰਦਰ ਵੀ ਓਹੀ, ਬਾਹਰ ਵੀ ਓਹੀ, ਸੂਖਮ ਵੀ ਓਹੀ, ਸਥੂਲ ਵੀ ਓਹੀ, ਮਨ ਵੀ ਓਹੀ, ਸਰੀਰ ਵੀ ਓਹੀ, ਜੋਤਿ ਵੀ ਓਹੀ, ਮਾਦਾ ਵੀ ਓਹੀ, ਭਿੰਨਤਾ ਸਿਰਫ਼ ਸੁਰਤ ਦੇ ਵਿਕਾਸ ਦੀ ਹੈ। ਜਿਸ ਤਰ੍ਹਾਂ ਕੋਈ ਇਨਸਾਨ ਜ਼ਹੀਨ ਹੁੰਦਾ ਹੈ ਅਤੇ ਕੋਈ ਮੂੜ੍ਹ, ਇਸੇ ਤਰ੍ਹਾਂ ਕਿਸੇ ਬਣਤਰ ਵਿੱਚ ਅਕਲ ਦਾ ਜ਼ਿਆਦਾ ਪ੍ਰਗਟਾਵਾ ਹੈ ਅਤੇ ਕਿਸੇ ਵਿੱਚ ਮੂਲੋਂ ਮੁੱਢੋਂ ਹੀ ਨਾਮ ਮਾਤਰ।

"ਜੀਵਤ ਕਉ ਬਿਉਹਾਰ ਹੈ ਜਗ ਕੋ ਤੁਮ ਜਾਨੋ।" ਜਦ ਅਕਲ ਖਿੜਦੀ ਹੈ ਤਾਂ ਹਰ ਇਨਸਾਨ ਇਸ ਲੀਲ੍ਹਾ ਨੂੰ ਸਮਝਣ ਦਾ ਯਤਨ ਕਰਦਾ ਹੈ। ਕੋਈ ਅੰਦਰ ਝਾਤੀ ਮਾਰਦਾ ਹੈ ਅਤੇ ਕੋਈ ਬਾਹਰ ਦੀਆਂ ਵਸਤੂਆਂ ਦੀ ਖੋਜ ਵੱਲ ਆਪਣਾ ਧਿਆਨ ਲਾਉਂਦਾ ਹੈ। ਅੰਤਰ ਦੀ ਵਿਚਾਰਧਾਰਾ ਨੂੰ ਧਰਮ ਦਾ ਨਾਂ ਦਿੱਤਾ ਗਿਆ ਹੈ ਅਤੇ ਬਾਹਰ ਦੀ ਖੋਜ ਨੂੰ ਸਾਇੰਸ ਦਾ। ਅੰਦਰ ਦੀ ਵਿਚਾਰ ਪੂਰਬ ਵਿੱਚ ਅਤੇ ਸਾਇੰਸ ਦੀ ਖੋਜ ਪੱਛਮ ਵਿੱਚ ਅਰੰਭ ਹੋਈ। ਪਹਿਲਾਂ-ਪਹਿਲਾਂ ਇਨ੍ਹਾਂ ਦੋਹਾਂ ਵਿਚਾਰਧਾਰਵਾਂ ਦੇ ਮੋਢੀਆਂ ਵਿਚ ਬੜਾ ਵਿਰੋਧ ਸੀ। ਧਰਮ ਦੇ ਖੋਜੀ ਸਾਇੰਸ ਦੇ ਪੈਰੋਕਾਰਾਂ ਨੂੰ ਨਾਸਤਕ ਕਹਿੰਦੇ ਸਨ ਅਤੇ ਸਾਇੰਸਦਾਨ ਧਰਮੀਆਂ ਨੂੰ ਭਰਮੀ ਅਤੇ ਵਹਿਮੀ। ਇਹ ਵੈਰ- ਵਿਰੋਧ ਕਈ ਸਦੀਆਂ ਚਲਦਾ ਰਿਹਾ। ਪਰ ਜ਼ਮੀਨ ਤਾਂ ਗੋਲ ਹੈ। ਇੱਕ ਯਾਤਰੀ ਪੂਰਬ ਨੂੰ ਮੂੰਹ ਕਰ ਕੇ ਟੁਰ ਪਵੇ, ਦੂਸਰਾ ਪੱਛਮ ਵਲ ਨੂੰ ਸਫ਼ਰ ਅਰੰਭ ਦਏ, ਅੰਤ ਨੂੰ ਉਨ੍ਹਾਂ ਦਾ ਮੇਲ ਅਵੱਸ਼ ਹੈ। ਵੀਹਵੀਂ ਸਦੀ ਦੇ ਅਰੰਭ ਵਿੱਚ ਇਸ ਮਿਲਾਪ ਦੀਆਂ ਨਿਸ਼ਾਨੀਆਂ ਨਜ਼ਰ ਆਉਣੀਆਂ ਸ਼ੁਰੂ ਹੋਈਆਂ, ਅਤੇ ਦਿਨ-ਬ-ਦਿਨ ਇਹ ਮਿਲਾਪ ਵਧ ਰਿਹਾ ਹੈ। ਸਿਆਣੇ ਸਾਇੰਸਦਾਨਾਂ ਅਤੇ ਉਚੇ ਧਰਮੀ ਬੰਦਿਆਂ ਦੇ ਦ੍ਰਿਸ਼ਟੀਕੋਣ ਵਿੱਚ ਹੁਣ ਕੋਈ ਬਹੁਤਾ ਫ਼ਰਕ ਨਹੀਂ। ਧਰਮੀ ਬੰਦੇ ਕਹਿੰਦੇ ਹਨ-

"ਜੋ ਦੀਸੈ ਸੋ ਤੇਰਾ ਰੂਪ, ਅਤਿ ਸੁੰਦਰ ਅਪਾਰ ਅਨੂਪ।"

"ਜਿਧਰ ਦੇਖਤਾ ਹੈ ਉਧਰ ਤੂ ਹੀ ਤੂ ਹੈ। ਤੇਰੀ ਹੀ ਰੰਗਤ ਤੇਰੀ ਹੀ ਬੂ ਹੈ।" ਸਾਇੰਸਦਾਨ ਕਹਿੰਦੇ ਹਨ ਕਿ ਇਹ ਸੰਸਾਰ ਬਿਜਲੀ ਦਾ ਸਮੁੰਦਰ ਹੈ, ਜਿਸ ਵਿੱਚ ਲਹਿਰਾਂ ਪੈ ਰਹੀਆਂ ਹਨ। ਸਾਡੇ ਗਿਆਨ-ਇੰਦਰਿਆਂ ਅਤੇ ਸਾਡੇ ਮਨ ਨੇ ਰਲ ਕੇ ਇਸ ਨੂੰ ਇਹ ਰੂਪ ਦਿਤਾ ਹੈ।

ਆਉ, ਇਨ੍ਹਾਂ ਦੋਹਾਂ ਪਾਸਿਆਂ ਦੀਆਂ ਵਿਚਾਰਾਂ ਨੂੰ ਜ਼ਰਾ ਗਹੁ ਨਾਲ ਘੋਖੀਏ ਅਤੇ ਇਹ ਵੇਖੀਏ ਕਿ ਅਸੀਂ ਕੀ ਹਾਂ, ਸਾਨੂੰ ਕਿਸ ਤਰ੍ਹਾਂ ਦਾ ਜੀਵਨ ਬਿਤਾਣਾ ਚਾਹੀਦਾ ਹੈ ਅਤੇ ਇਸ ਮਾਇਆ ਦੇ ਅਧੀਨ ਅਸਾਂ ਕੈਸਾ ਦੁਖ ਅਤੇ ਕਲੇਸ਼ ਦਾ ਵਾਤਾਵਰਨ ਪੈਦਾ ਕੀਤਾ ਹੋਇਆ ਹੈ। ਸਾਨੂੰ ਭਾਰਤ-ਵਾਸੀਆਂ ਨੂੰ ਧਰਮ ਵਿਰਸੇ ਵਿਚ ਮਿਲਿਆ ਹੈ। ਸਾਡੀ ਸਾਰੀ ਜ਼ਹਿਨੀਅਤ ਤੇ ਇਸ ਦੀ ਮੋਹਰ ਲਗੀ ਹੋਈ ਹੈ। ਭਾਵੇਂ ਕਿਸੇ ਰਾਧਾ- ਕ੍ਰਿਸ਼ਨ ਵਰਗੇ ਵੱਡੇ ਫ਼ਿਲਾਸਫ਼ਰ ਨਾਲ ਗੱਲ ਕਰੋ ਭਾਵੇਂ ਕਿਸੇ ਅਨਪੜ੍ਹ ਪੇਂਡੂ ਜੱਟ ਨਾਲ, ਉਨ੍ਹਾਂ ਦੀ ਗੱਲ-ਗੱਲ ਵਿੱਚ ਧਾਰਮਕ ਰਮਜ਼ ਸਾਫ ਨਜ਼ਰ ਆਵੇਗੀ। ਜੇ ਇੱਕ ਦੂਜੇ ਨੂੰ ਮਿਲਾਂਗੇ ਤਾਂ ਵੀ "ਰਾਮ ਰਾਮ" "ਵਾਹਿਗੁਰੂ ਜੀ ਕੀ ਫ਼ਤਹ, ਸਤਿ ਸ੍ਰੀ ਅਕਾਲ' ਆਦਿ ਵਾਕੰਸ਼ ਸਾਡੇ ਮੂੰਹਾਂ ਵਿਚੋਂ ਨਿਕਲਗੇ।

ਅਜੇ ਇਨਸਾਨ ਨੇ ਪੜ੍ਹਨ ਲਿਖਣ ਦਾ ਗੁਰ ਨਹੀਂ ਸਿੱਖਿਆ ਸੀ। ਰਿਸ਼ੀ ਮੁਨੀ ਹਿਮਾਲਾ ਪਰਬਤ ਦੀਆਂ ਕੰਧਰਾਂ ਵਿੱਚ ਰਹਿ ਡੂੰਘੀਆਂ ਵਿਚਾਰਾਂ ਵਿੱਚ ਜੀਵਨ ਬਿਤਾਉਂਦੇ ਸਨ। ਇਹ ਮਿਲ-ਮਿਲ ਕੇ ਡੂੰਘੀਆਂ ਤੋਂ ਡੂੰਘੀਆਂ ਹੁੰਦੀਆਂ ਗਈਆਂ। ਇਸੇ ਲੜੀ ਨੇ ਗੀਤਾ ਦਾ ਕਰਤਾ ਮਹਾਂਰਿਸ਼ੀ ਬਿਆਸ ਪੈਦਾ ਕੀਤਾ। ਇਸੇ ਲੜੀ ਸਦਕਾ ਵੇਦਾਂਤ ਵਰਗੀ ਉੱਚੀ ਫ਼ਿਲਾਸਫ਼ੀ ਨੂੰ ਸ੍ਰੀ ਸਵਾਮੀ ਸ਼ੰਕਰਾ ਅਚਾਰੀਆ ਨੇ ਜਨਮ ਦਿੱਤਾ। ਸੈਂਕੜ, ਹਜ਼ਾਰਾਂ ਸਾਲ ਬੀਤ ਗਏ ਹਨ, ਪਰ ਅਜੇ ਤੱਕ ਸੰਸਾਰ ਵਿਚ ਗੀਤਾ ਅਤੇ ਵੇਦਾਂਤ ਵਰਗਾ ਗਿਆਨ ਕਿਸੇ ਹੋਰ ਉੱਚੇ ਤੋਂ ਉੱਚੇ ਦਿਮਾਗ਼ ਵਿੱਚੋਂ ਨਹੀਂ ਨਿਕਲਿਆ। ਭਾਰਤ ਵਰਸ਼ ਵਿੱਚ ਉੱਚੇ ਧਾਰਮਕ ਜੀਵਨ ਵਾਲੇ ਮਹਾਂਪੁਰਸ਼ਾਂ ਦੀ ਕਦੇ ਥੁੜ ਨਹੀਂ ਰਹੀ। ਸਾਡੀ ਪੁਸ਼ਤ ਵਿੱਚ ਹੀ ਕਈ ਸੰਤ ਮਹਾਤਮਾ ਹੋਏ ਹਨ। ਅਵਤਾਰ ਮੇਹਰ ਬਾਬਾ ਅਤੇ ਮਹਾਂ-ਯੋਗੀ ਅਰਵਿੰਦੋ ਨੇ ਧਾਰਮਕ ਦ੍ਰਿਸ਼ਟੀਕੋਣ ਤੋਂ 'ਸੰਸਾਰ' ਅਤੇ 'ਇਨਸਾਨੀ ਜੀਵਨ' ਬਾਰੇ ਚੰਗੇ ਵਿਸਥਾਰ ਨਾਲ ਅਤੇ ਬੜੇ ਹੀ ਸਪੱਸ਼ਟ ਸ਼ਬਦਾਂ ਵਿੱਚ ਕਾਫ਼ੀ ਵਰਨਣ ਕੀਤਾ ਹੈ।

ਆਪਣੀ ਸੰਸਾਰ ਪ੍ਰਸਿੱਧ ਪੁਸਤਕ God speaks (ਪ੍ਰਭੂ ਬੋਲਦਾ ਹੈ) ਵਿੱਚ ਮੇਹਰ ਬਾਬਾ ਲਿਖਦੇ ਹਨ ਕਿ ਪਹਿਲਾਂ

Consicousness ਅਖਵਾ ਸੁਰਤ ਉੱਚ ਮੰਡਲਾਂ ਤੋਂ ਹੇਠਾਂ ਆਈ, ਫੇਰ ਇਸ ਨੇ ਵਾਪਸ ਉੱਪਰ ਚੜ੍ਹਨਾ ਸ਼ੁਰੂ ਕੀਤਾ। ਇਨਸਾਨੀ ਜੀਵਨ ਵਿੱਚ ਇਹ ਚੇਤਨਾ ਜਾਗ ਚੁੱਕੀ ਹੈ। ਹੁਣ ਫੇਰ ਇਸ ਨੇ ਸਹਿਜੇ-ਸਹਿਜੇ ਉੱਪਰ ਚੜ ਕੇ ਆਪਣੇ ਉੱਚੇ ਟਿਕਾਣੇ ਤੇ ਪਹੁੰਚਣਾ ਹੈ। ਇਸ ਸੁਰਤ ਦੇ ਖੇੜੇ ਨੂੰ ਉਹ Evoluiton of consicousness ਅਥਵਾ ਸੁਰਤ ਦਾ ਵਿਕਾਸ ਕਹਿੰਦੇ ਹਨ। ਇਹ ਵਿਕਾਸ ਸੱਤਾਂ ਮੰਜ਼ਲਾਂ ਵਿੱਚ ਹੁੰਦਾ ਹੈ ਅਤੇ ਮੇਹਰ ਬਾਬਾ ਦੇ ਕਥਨ ਅਨੁਸਾਰ ਇਸ ਦੀ ਪੂਰਤੀ ਲਈ ਇਨਸਾਨ ਨੂੰ ੮੪ ਲੱਖ ਵਾਰੀ ਜਨਮ ਲੈਣਾ ਪੈਂਦਾ ਹੈ। ਸੁਰਤ-ਬਹੁਤ ਹੀ ਸਹਿਜੇ ਜਾਗਦੀ ਹੈ! ਜਿਉਂ-ਜਿਉਂ ਸੂਰਤ ਖਿੜਦੀ ਹੈ, ਰੱਬੀ  ਸ਼ਕਤੀਆਂ ਦਾ ਇਸ ਵਿਚ ਜ਼ਹੂਰ ਹੁੰਦਾ ਜਾਂਦਾ ਹੈ। ਜਦ ਇਨਸਾਨ ਦੀ ਰੂਹ ਪਹਿਲੀ ਆਤਮਿਕ ਮੰਜ਼ਲ ਤੇ ਚੜ੍ਹਦੀ ਹੈ ਤਾਂ ਇਨਸਾਨ ਦੇ ਦਿਲ ਵਿੱਚ ਜੋ ਵੀ ਡੂੰਘੀ ਭਾਵਨਾ ਹੋਵੇ, ਉਹ ਪੂਰੀ ਹੋ ਜਾਂਦੀ ਹੈ।

ਸ਼ਕਤੀ ਦਾ ਇਹ ਖ਼ਾਸਾ ਹੈ ਕਿ ਇਸ ਨੂੰ ਕੇਂਦਰਤ ਕਰੋ, ਇਸ ਦਾ ਤਰਾਣ ਵੱਧ ਜਾਂਦਾ ਹੈ। ਇੱਕ ਕਾਗ਼ਜ਼ ਤੇ ਸੂਰਜ ਦੀ ਰੌਸ਼ਨੀ ਕਈ ਸਾਲ ਪੈਂਦੀ ਰਵੇ, ਕਾਗ਼ਜ਼ ਦਾ ਕੁਝ ਵਿਗੜਦਾ ਨਹੀਂ। ਜੇ ਇਸੇ ਰੋਸ਼ਨੀ ਨੂੰ ਇਕ ਲੈੱਨਜ਼ ਵਿੱਚੋਂ ਲੰਘਾ ਤੇ ਕੇਂਦਰਤ ਕਰ ਕੇ ਉਸੇ ਕਾਗ਼ਜ਼ ਤੇ ਸੁਟਿਆ ਜਾਏ ਤਾਂ ਉਸ ਨੂੰ ਝੱਟ ਅੱਗ ਲੱਗ ਜਾਂਦੀ ਹੈ।

ਸੁਰਤ ਵੀ ਇੱਕ ਸ਼ਕਤੀ ਹੀ ਹੈ । ਜੇ ਮਨ ਜਾਂ ਸੁਰਤ ਨੂੰ ਪ੍ਰਮਾਤਮਾ ਤੇ ਇਕਾਗਰ ਕੀਤਾ ਜਾਵੇ ਤਾਂ ਉਸ ਦੀ ਸ਼ਕਤੀ ਵੀ ਉਸੇ ਤਰ੍ਹਾਂ ਵਧ ਜਾਂਦੀ ਹੈ। ਅੰਮ੍ਰਿਤ ਵੇਲੇ ਉੱਠੋ, ਕੀਰਤਨ ਸੁਣੋ, ਫੇਰ ਕੁਝ ਚਿਰ ਸੁਰਤ ਨੂੰ ਇਕਾਗਰ ਕਰੋ। ਵੇਖੋ ਕੁਝ ਮਹੀਨਿਆਂ ਵਿੱਚ ਹੀ ਤੁਸੀਂ ਪਹਿਲੀ ਮੰਜ਼ਲ ਦਾ ਅਨੰਦ ਮਾਣ ਲਉਗੇ ਅਤੇ ਤੁਹਾਡੀਆਂ ਅਰਦਾਸਾਂ ਕਬੂਲ ਹੋਣ ਲੱਗ ਪੈਣਗੀਆਂ। ਦਿਖਲਾਵੇ ਮਾਤਰ ਪਾਠ ਕਰਾਣ ਜਾਂ ਕਰਨੇ, ਅਤੇ ਨਾਲ ਹੀ ਸੁਰਤ ਨੂੰ ਮਾਇਆ ਵਿੱਚ ਲਪੇਟੀ ਰਖਣਾ, ਇਹ ਠੱਗੀ ਹੈ। ਸੁਰਤ ਦੇ ਵਿਕਾਸ ਵਿੱਚ ਠੱਗੀਆਂ ਸਹਾਈ ਹੋਣ ਦੀ ਥਾਂ ਰੁਕਾਵਟ ਪਾਂਦੀਆਂ ਹਨ। ਜਿਹੜੇ ਮਹਾਂਪੁਰਸ਼ ਮਾਇਆ ਵੱਲ ਪਿੱਠ ਕਰ ਕੇ ਨਾਮ ਸਿਮਰਨ ਵੱਲ ਆਪਣੀ ਸੁਰਤ ਨੂੰ ਜੋੜਦੇ ਹਨ, ਉਹ ਇੱਕ ਜਨਮ ਵਿੱਚ ਹੀ ਕਈ ਮੰਜ਼ਲਾਂ ਚੜ੍ਹ ਜਾਂਦੇ ਹਨ। ਦੂਜੀ ਮੰਜ਼ਲ ਨਾਲੋਂ ਤੀਜੀ ਮੰਜ਼ਲ ਦੀ ਸ਼ਕਤੀ ਬਹੁਤ ਜ਼ਿਆਦਾ ਹੈ। ਚੌਥੀ ਮੰਜ਼ਲ ਬਾਬਤ ਮੇਹਰ ਬਾਬਾ ਜੀ ਲਿਖਦੇ ਹਨ ਕਿ ਤਪੱਸਵੀ ਵਿੱਚ ਐਨੀ ਤਾਕਤ ਆ ਜਾਂਦੀ ਹੈ ਕਿ ਉਹ ਚਾਹੇ ਤਾਂ ਸਾਰੀ ਦੁਨੀਆਂ ਖ਼ਤਮ ਕਰ ਦਏ ਅਤੇ ਚਾਹੇ ਤਾਂ ਫੇਰ ਸੰਸਾਰ ਨੂੰ ਹੋਂਦ ਵਿੱਚ ਲੈ ਆਏ। ਇਹ ਗਪੌੜ ਨਹੀਂ। ਸਵਾਮੀ ਯੋਗਾ ਨੰਦ ਦੀ ਜੀਵਨ-ਕਥਾ ਪੜ੍ਹੋ ਤਾਂ ਯਕੀਨ ਆ ਜਾਏਗਾ ਕਿ ਤਪੱਸਿਆ ਨਾਲ ਇਹ ਸ਼ਕਤੀ ਪ੍ਰਾਪਤ ਹੋ ਸਕਦੀ ਹੈ। ਇਹ ਚਾਰ ਮੰਜ਼ਲਾਂ ਸ਼ਕਤੀ ਦੀਆਂ ਮੰਜ਼ਲਾਂ ਹਨ। ਇਨ੍ਹਾਂ ਤੋਂ ਉੱਪਰ ਦੋ ਮੰਜ਼ਲਾਂ ਗਿਆਨ ਦੀਆਂ ਹਨ। ਪੰਜਵੀਂ ਅਤੇ ਛੇਵੀਂ ਮੰਜ਼ਲ ਤੇ ਪੁੱਜ ਕੇ, ਤਪੱਸਵੀ, ਸ਼ਕਤੀ ਦੀ ਵਰਤੋਂ ਨਹੀਂ ਕਰਦਾ। ਗਿਆਨ ਦੀ ਪ੍ਰਾਪਤੀ ਵੱਲ ਉਸ ਦੀ ਸੁਰਤ ਮਗਨ ਰਹਿੰਦੀ ਹੈ।

ਦੋ ਅੰਗਰੇਜ਼, ਜਿਨ੍ਹਾਂ ਆਪਣੀ ਸਾਰੀ ਉਮਰ ਆਤਮਿਕ ਖੋਜ ਵਿੱਚ ਲਾਈ ਸੀ, ਉਹ ਰਮਨ ਮਹਾਂਰਿਸ਼ੀ ਨੂੰ ਮਿਲੇ ਅਤੇ ਉਸ ਪਾਸ ਕਾਫ਼ੀ ਸਮਾਂ ਰਹੇ। ਪਾਲ ਬਰਨਟਨ ਅਤੇ ਮੋਨੀ ਸਾਧੂ ਦੋਵੇਂ ਆਪਣੀਆਂ ਲਿਖੀਆਂ ਪੁਸਤਕਾਂ ਵਿੱਚ ਲਿਖਦੇ ਹਨ ਕਿ ਜਦ ਵੀ ਉਹ ਮਹਾਂਰਿਸ਼ੀ ਦੇ ਚਰਨਾਂ ਵਿੱਚ ਜਾ ਕੇ ਬੈਠਦੇ ਸਨ, ਉਨ੍ਹਾਂ ਨੂੰ ਕਦੇ ਕੋਈ ਸਵਾਲ ਕਰਨ ਦੀ ਲੋੜ ਨਹੀਂ ਸੀ ਪੈਂਦੀ। ਜੋ ਸਵਾਲ ਮਨ ਵਿੱਚ ਆਇਆ, ਉਸੇ ਵੇਲੇ ਮਨ ਵਿੱਚ ਹੀ ਉਸ ਦਾ ਜਵਾਬ ਮਿਲ ਗਿਆ। ਜਦ ਇਹ ਇੱਛਾ ਮਨ ਵਿੱਚ ਹੋਈ ਕਿ ਰਮਨ ਮਹਾਰਾਜ ਉਨ੍ਹਾਂ ਨੂੰ ਸਮਾਧੀ ਵਿਚ ਲੈ ਜਾਣ ਤਾਂ ਮਨ ਵਿੱਚ ਡੂੰਘੀ ਇਕਾਗਰਤਾ ਫੈਲ ਗਈ ਅਤੇ ਇਸੇ ਅਵਸਥਾ ਵਿੱਚ ਘੰਟਿਆਂ ਬੱਧੀ ਬੈਠੇ ਰਹਿਣਾ। ਇਨ੍ਹਾਂ ਮੰਜ਼ਲਾਂ ਤੇ ਪੁੱਜੇ ਅਭਿਆਸੀ ਨੂੰ, ਸਾਰੇ ਹਿਰਦਿਆਂ ਵਿੱਚ ਜੋ ਕੁਝ ਵਰਤਦਾ ਹੈ, ਉਨ੍ਹਾਂ ਦਾ ਗਿਆਨ ਹੁੰਦਾ ਹੈ। ਪਾਲ ਬਰਨਟਨ ਅਤੇ ਮੋਨੀ ਸਾਧੂ ਤਾਂ ਕੋਲ ਬੈਠੇ ਹੁੰਦੇ ਸਨ। ਕੋਈ ਸੇਵਕ ਮਦਰਾਸ ਬੈਠਾ ਹੋਵੇ, ਭਾਵੇਂ ਲੰਡਨ, ਮਹਾਂਰਿਸ਼ੀ ਨੂੰ ਸੇਵਕ ਦੇ ਫੁਰਨਿਆਂ ਦਾ ਗਿਆਨ ਹੁੰਦਾ ਸੀ ਅਤੇ ਸੱਚੇ ਸੇਵਕ ਨੂੰ ਅੰਦਰੋਂ ਹੀ ਉਸ ਦਾ ਜਵਾਬ ਮਿਲ ਜਾਂਦਾ ਸੀ। ਸੱਤਵੀਂ ਮੰਜ਼ਲ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਆਪਣੇ 'ਮਨ' ਨੂੰ ਖ਼ਤਮ ਕਰਨਾ ਲਾਜ਼ਮੀ ਹੈ। ਮਨੋ-ਨਾਸ' ਤੋਂ ਬਿਨਾਂ ਸਤਵੀਂ ਮੰਜ਼ਲ ਦਾ ਦਰਵਾਜ਼ਾ ਨਹੀਂ ਖੁੱਲ੍ਹਦਾ। ਫੇਰ ਸਾਰੀਆਂ ਸ਼ਕਤੀਆਂ ਹੁੰਦਿਆਂ ਕਿਸੇ ਸ਼ਕਤੀ ਦੀ ਵਰਤੋਂ ਨਹੀਂ ਕਰਨੀ। ਸੇਵਕ ਦਾ ਮਨ ਈਸ਼ਵਰ ਦੀ ਟੈਲੀਫ਼ੋਨ ਹੀ ਬਣ ਜਾਂਦਾ ਹੈ। ਇਹੋ ਰਜ਼ਾ ਦੀ ਮੰਜ਼ਲ ਹੈ ਜਿਸ ਦਾ ਐਨਾ ਜ਼ਿਕਰ ਗੁਰਬਾਣੀ ਵਿੱਚ ਆਉਂਦਾ ਹੈ। "ਕੀਤਾ ਕਰਣਾ ਸਰਬ ਰਜਾ, ਜਿਵ ਜਿਵ ਹੁਕਮ ਤਿਵੈ ਤਿਵ ਕਾਰ'। ਅਪਣੱਤ ਨੂੰ ਪੂਰੀ ਤਰ੍ਹਾਂ ਖ਼ਤਮ ਕੀਤੇ ਮੰਜ਼ਲ ਵਿੱਚ ਦਾਖ਼ਲਾ ਨਾਮੁਮਕਿਨ ਹੈ। ਫੇਰ ਬਸ ਆਵਾਗਵਨ ਖ਼ਤਮ:

"ਜਿਉ ਜਲ ਮਹਿ ਜਲੁ ਆਇ ਖਟਾਨਾ॥

ਤਿਉ ਜੋਤੀ ਸੰਗਿ ਜੋਤਿ ਸਮਾਨਾ॥
ਮਿਟਿ ਗਏ ਗਵਨ ਪਾਏ ਬ੍ਰਿਸਾਮ॥
ਨਾਨਕ ਪ੍ਰਭ ਕੇ ਸਦ ਕੁਰਬਾਨ॥

ਮੋਹਰ ਬਾਬਾ ਜੀ ਨੇ ਇੱਕ ਦਿਨ ਫ਼ਰਮਾਇਆ ਕਿ ਮੈਂ ਪਰਮਾਤਮਾ ਹਾਂ । ਮੈਂ ਅੱਗੋਂ ਆਖਿਆ ਕਿ ਮੈਂ ਵੀ ਤਾਂ ਪਰਮਾਤਮਾ ਹੀ ਹਾਂ। ਉਨ੍ਹਾਂ ਮੁਸਕਰਾ ਕੇ ਜਵਾਬ ਦਿੱਤਾ ਕਿ ਫ਼ਰਕ ਇਤਨਾ ਹੀ ਹੈ ਕਿ ਮੈਂ Consicous God ਹਾਂ ਅਤੇ ਤੂੰ Unconsicous God ਬਸ ਜੀਵ ਜੀਵ ਵਿੱਚ ਕੇਵਲ Consicousness ਦਾ ਹੀ ਫ਼ਰਕ ਹੈ। ਸੁਰਤ ਚੋਟੀ ਤੇ ਪਹੁੰਚੀ ਤਾਂ ਇਨਸਾਨ ਪਰਮਾਤਮਾ ਬਣ ਗਿਆ। ਸੁਰਤ ਨੀਵੀਆਂ ਮੰਜ਼ਲਾਂ ਤੇ ਧੱਕੇ ਖਾਂਦੀ ਰਹੀ ਤਾਂ ਚੌਰਾਸੀ ਦੇ ਗੇੜ ਵਿੱਚ ਲੜਖੜਾਉਂਦਾ ਰਿਹਾ।

ਰਮਨ ਮਹਾਂ ਰਿਸ਼ੀ ਦੇ ਆਸ਼ਰਮ ਵਿੱਚ ਇੱਕ ਦਿਨ ਰਾਤ ਨੂੰ ਡਾਕੂ ਆ ਪਏ। ਰਮਨ ਨੇ ਬੜੇ ਪ੍ਰੇਮ ਨਾਲ ਆਸ਼ਰਮ ਦੀ ਹਰ ਵਸਤੂ ਉਨ੍ਹਾਂ ਦੇ ਹੱਥ ਫੜਾਈ ਅਤੇ ਬੜੇ ਪ੍ਰੇਮ ਨਾਲ ਹੀ ਕਿਹਾ ਕਿ ਜਦ ਵੀ ਇਸ ਆਸ਼ਰਮ ਦੀ ਕਿਸੇ ਵਸਤੂ ਦੀ ਲੋੜ ਹੋਵੇ, ਬੜੀ ਖੁਸ਼ੀ ਨਾਲ ਕਿਸੇ ਵਕਤ ਆ ਕੇ ਲੈ ਜਾਇਆ ਕਰੋ। ਦੁੱਖ ਦਾ ਕਾਰਨ ਤਾਂ ਸੁਰਤ ਦਾ ਮੋਹ ਵਿੱਚ ਲਿਬੜਿਆ ਹੋਣਾ ਹੈ।

ਆਤਮਕ ਮੰਡਲਾਂ ਵਿੱਚ ਉਡਾਰੀਆਂ ਲਾਣ ਵਾਲੇ ਦੂਜੇ ਮਹਾਂ ਪੁਰਸ਼ ਮਹਾਂ-ਯੋਗੀ ਸ੍ਰੀ ਅਰਵਿੰਦੋ ਘੋਸ਼ ਸਨ। ਜਿਸ ਦੇਸ਼ ਨੂੰ ਅੱਜ ਕੱਲ੍ਹ ਬੰਗਲਾ ਦੇਸ਼ ਦਾ ਨਾਂ ਦਿੱਤਾ ਗਿਆ ਹੈ ਉਸ ਵਿੱਚ 1972 ਵਿੱਚ ਉਨ੍ਹਾਂ ਦਾ ਜਨਮ ਹੋਇਆ। ਵਿਦਿਆ ਸਾਰੀ ਉਨ੍ਹਾਂ ਇੰਗਲੈਂਡ ਵਿੱਚ ਪ੍ਰਾਪਤ ਕੀਤੀ। ਵਾਪਸ ਆਏ ਤਾਂ ਆਜ਼ਾਦੀ ਦੀ ਲਹਿਰ ਵਿੱਚ ਕੁੱਦ ਪਏ। ਯੁਗੰਤਰ ਅਖ਼ਬਾਰ ਦੇ ਪਹਿਲੇ ਐਡੀਟਰ ਬਣੇ। ਜ਼ੇਲ੍ਹ ਵਿੱਚ ਆਤਮਾ ਜਾਗੀ ਅਤੇ ਹਿਰਦੇ ਵਿਚ ਸਰੂਰ ਪੈਦਾ ਹੋਇਆ। ਜੇਲ ਵਿੱਚੋਂ ਨਿਕਲਦੇ ਹੀ ਉਹ 'ਪਾਂਡੀਚਰੀ' ਚਲੇ ਗਏ। ਪਾਂਡੀਚਰੀ ਉਦੋਂ ਫ਼ਰਾਂਸੀਸੀ ਰਾਜ ਦੀ ਬਸਤੀ ਸੀ। ਪੂਰਬਲੇ ਜਨਮਾਂ ਦੇ ਕਰਮਾਂ ਦਾ ਸਦਕਾ ਪੈਰਸ ਵਿੱਚ ਜੰਮੀ ਪਲੀ ਮਹਾਂ ਯੋਗਣ Mother (ਮਦਰ) ਨਾਲ ਉਨ੍ਹਾਂ ਦਾ ਮਿਲਾਪ ਹੋਇਆ। ਦੋਹਾਂ ਬੜੀ ਘੋਰ ਤਪੱਸਿਆ ਕੀਤੀ । ਲੀਨਤਾ ਵਿੱਚ ਹੀ ਜਨਮ ਬੀਤਿਆ ਅਤੇ ਲੀਨਤਾ ਵਿੱਚ ਹੀ ਆਤਮਾ ਇਸ ਪੰਜ ਭੂਤਕ ਸਰੀਰ ਨੂੰ ਤਿਆਗ ਕੇ ਪਰਮਾਤਮਾ ਵਿੱਚ ਜਾ ਬਿਰਾਜੀ।

ਅਰਵਿੰਦ ਜੀ ਨੇ ਯੋਗ ਮਾਰਗ ਨਾਲ ਸੁਰਤ ਨੂੰ ਸਿਖਰ ਤੱਕ ਪਹੁੰਚਾਇਆ। ਮੇਹਰ ਬਾਬਾ ਜੀ ਵਾਂਗੂ ਉਹ ਵੀ ਸੁਰਤ ਦੀਆਂ ਕਈ ਮੰਜ਼ਲਾਂ ਦਾ ਵਰਨਣ ਕਰਦੇ ਹਨ। ਪਰਣਾਲੀ ਤਾਂ ਉਹੋ ਹੀ ਹੈ, ਨਾਂ ਵੱਖਰੇ ਹਨ। ਪਹਿਲਾਂ ਉਹ ਦਿਮਾਗ਼ੀ ਅਥਵਾ ਮਨ ਦੀਆਂ ਘਾਟੀਆਂ ਦਾ ਜ਼ਿਕਰ ਕਰਦੇ ਹਨ। ਫੇਰ ਉਹ ਆਤਮਾ ਦਾ ਸਫ਼ਰ Supra-mental state ਵਿੱਚ ਲੈ ਜਾਂਦੇ ਹਨ। Supra-mental ਦੀਆਂ ਵੀ ਕੁਝ ਮੰਜ਼ਲਾਂ ਹਨ ਅਤੇ ਅੰਤਲੀ ਅਵਸਥਾ ਜਿਸ ਵਿੱਚ ਪਹੁੰਚ ਕੇ ਆਤਮਾ ਪਰਮਾਤਮਾ ਨਾਲ ਅਭੇਦ ਹੋ ਜਾਂਦੀ ਹੈ। ਉਸ ਨੂੰ ਉਹ Divine state ਦਾ ਨਾਂ ਦਿੰਦੇ ਹਨ। ਅੰਤਲੀ ਅਵਸਥਾ ਵਿੱਚ ਪਹੁੰਚਦਿਆਂ ਹੋਇਆਂ ਮਹਾਂ ਯੋਗੀ, ਉਨ੍ਹਾਂ ਦੇ ਫੁਰਨਿਆਂ ਅਨੁਸਾਰ, ਸੰਸਾਰ ਦੀ ਸਾਰੀ ਵਸੋਂ ਨੂੰ ਅਮਰ ਬਣਾ ਸਕਦਾ ਹੈ। ਫੇਰ ਮਰਨ ਜੀਵਨ ਦਾ ਸਿਲਸਿਲਾ ਹੀ ਖ਼ਤਮ ਹੋ ਜਾਂਦਾ ਹੈ। ਅਰਵਿੰਦ ਜੀ ਬੜੇ ਆਲਮ ਅਤੇ ਅੰਗਰੇਜ਼ਾਂ ਨਾਲੋਂ ਵੱਧ ਅੰਗਰੇਜ਼ੀ ਦੇ ਮਾਹਰ ਸਨ। ਫੇਰ ਯੂਰਪ ਦੀਆਂ ਹੋਰ ਜ਼ੁਬਾਨਾਂ ਫ਼ਰਾਂਸੀਸੀ, ਜਰਮਨ, ਇਟੇਲੀਅਨ ਵੀ ਚੰਗੀ ਤਰ੍ਹਾਂ ਪੜ੍ਹ ਲਿਖ ਅਤੇ ਬੋਲ ਲੈਂਦੇ ਸਨ। ਨਾਲ ਉਨ੍ਹਾਂ ਦੇ ਮਹਾਂ-ਯੋਗਣ Mother ਮਿਲ ਗਈ। ਇਸ ਕਰਕੇ ਪੱਛਮ ਵਿੱਚ ਉਨ੍ਹਾਂ ਦੀ ਬੜੀ ਮਾਨਤਾ ਹੋਈ ਅਤੇ ਹੁਣ ਵੀ ਪੱਛਮ ਦੇ ਉੱਚੇ ਵਸਨੀਕਾਂ ਨੇ ਪਾਂਡੀਚਰੀ ਵਿੱਚ ਅਰਵਿੰਦ ਆਸ਼ਰਮ ਅਤੇ ਅਰਵਿੰਦ ਇੰਟਰਨੈਸ਼ਨਲ ਹੋਮ (ਇੱਕ ਸੁਸਾਇਟੀ) ਬਣਾਈ ਹੋਈ ਹੈ। ਥਾਂ-ਥਾਂ ਤੇ ਇਸ ਦੀਆਂ ਸ਼ਾਖ਼ਾਂਵਾਂ ਹਨ ਅਤੇ ਯੋਗਾ-ਅਭਿਆਸੀ ਇਨ੍ਹਾਂ ਦੇ ਰਾਹੀਂ ਖ਼ੂਬ ਤਪੱਸਿਆ ਕਰਦੇ ਹਨ।

ਜਿਸ ਤਰ੍ਹਾਂ ਧਰਮ ਵਿੱਚ ਇੱਕ ਸ਼੍ਰੇਣੀ ਤਾਂ ਉਨ੍ਹਾਂ ਉੱਚੇ ਮਹਾਂ ਪੁਰਸ਼ਾਂ ਦੀ ਲੋੜ ਹੁੰਦੀ ਹੈ ਜਿਹੜੇ ਧਰਮ ਦੀ ਪਰੰਪਰਾ ਅਨੁਸਾਰ ਆਪਣੇ ਜੀਵਨ ਨੂੰ ਬਣਾਉਂਦੇ ਅਤੇ ਚਲਾਉਂਦੇ ਹਨ। ਪੂਜਾ, ਪਾਠ, ਸੇਵਾ, ਸਿਮਰਨ ਸਭ ਕੁਝ ਕਰਦੇ ਹਨ ਅਤੇ ਸੰਸਾਰੀ ਲੋਕਾਂ ਨੂੰ ਧਰਮ ਦੇ ਰਾਹ ਤੇ ਪਾਉਣ ਦਾ ਯਤਨ ਕਰਦੇ ਹਨ। ਇਸ ਨਾਲੋਂ ਉੱਚੀ ਸ਼੍ਰੇਣੀ ਉਨ੍ਹਾਂ ਗੁਰੂਆਂ, ਪੈਗੰਬਰਾਂ ਦੀ ਹੁੰਦੀ ਹੈ ਜਿਹੜੇ ਪੂਰਬਲੇ ਜਨਮਾਂ ਦੀ ਕਮਾਈ ਦੇ ਸਦਕਾ ਬਣੇ ਬਣਾਏ ਆਉਂਦੇ ਹਨ। ਉਨ੍ਹਾਂ ਲਈ ਕਿਰਿਆ ਕਰਮ ਦਾ ਕੋਈ ਬੰਧਨ ਨਹੀਂ ਹੁੰਦਾ। ਗੁਰੂ ਨਾਨਕ ਜੀ ਦੇ ਜਨਮ ਵਲ ਝਾਤੀ ਮਾਰੋ। ਗੁਰੂ ਗੋਬਿੰਦ ਸਿੰਘ ਜੀ ਤਾਂ ਆਪਣੇ ਪੂਰਬਲੇ ਜਨਮ ਬਾਬਤ ਆਪ ਵਰਨਣ ਕਰਦੇ ਹਨ :

"ਅਬ ਮੈਂ ਅਪਨੀ ਕਥਾ ਬਖਾਨੋ।
ਤਪ ਸਾਧਤ ਜਿਹ ਬਿਧਿ ਮੋਹਿ ਆਨੋ।
ਹੇਮ ਕੁੰਟ ਪਰਬਤ ਹੈ ਜਹਾਂ।

ਸਪਤ ਸਿੰਗ ਸੋਭਿਤ ਹੈ ਤਹਾਂ।
ਸਪਤ ਸਿੰਗ ਤਿਹ ਨਾਮੁ ਕਹਾਵਾ।
ਪੰਡੁ ਰਾਜ ਜਹ ਜੋਗੁ ਕਮਾਵਾ॥
ਤਹ ਹਮ ਅਧਿਕ ਤਪੱਸਿਆ ਸਾਧੀ।
ਮਹਾਕਾਲ ਕਾਲਿਕਾ ਅਰਾਧੀ।
ਇਹ ਬਿਧਿ ਕਰਤ ਤਪੱਸਿਆ ਭਏ।
ਸ੍ਵੈ ਤੇ ਏਕ ਰੂਪ ਹੈ ਗਯੋ।
ਤਾਤ ਮਾਤ ਮੁਰ ਅਲਖ ਅਰਾਧਾ॥
ਇਹ ਬਿਧਿ ਜੋਗ ਸਾਧਨਾ ਸਾਧਾ।
ਤਿਨ ਜੋ ਕਰੀ ਅਲਖ ਕੀ ਸੇਵਾ।
ਤਾਂ ਤੇ ਭਏ ਪ੍ਰਸੰਨ ਗੁਰਦੇਵਾ।
ਤਿਨ ਪ੍ਰਭ ਜਬ ਆਇਸ ਮੁਹਿ ਦੀਆ।
ਤਬ ਹਮ ਜਨਮ ਕਲੂ ਮਹਿ ਲੀਆ।
ਚਿਤ ਨਾ ਭਯੋ ਹਮਰੋ ਆਵਨ ਕਹੂ।
ਚੁਭੀ ਰਹੀ ਸ੍ਰਤਿ ਪ੍ਰਭ ਚਰਨਨ ਮਹੁ।
ਜਿਉ ਤਿਉ ਪ੍ਰਭ ਹਮ ਕੋ ਸਮਝਾਯੋ।
ਇਮ ਕਹਿ ਕੇ ਇਹ ਲੋਕ ਪਠਾਯੋ।
ਮੈਂ ਅਪਨਾ ਸੁਤ ਤੁਹਿ ਨਿਵਾਜਾ।
ਪੰਥ ਪ੍ਰਚੁਰ ਕਰਬੇ ਕਉ ਸਾਜਾ॥
ਜਹਾ ਤਹਾ ਤੈ ਧਰਮੁ ਚਲਾਇ॥
ਕਬੁਧਿ ਕਰਨ ਤੇ ਲੋਕ ਹਟਾਇ।"

ਇਸੇ ਤਰ੍ਹਾਂ ਸਾਇੰਸਦਾਨਾਂ ਵਿੱਚ ਦੋ ਸ਼ਰੇਣੀਆਂ ਹੁੰਦੀਆਂ ਹਨ। ਪਹਿਲੀ ਤਾਂ ਉਨ੍ਹਾਂ ਦੀ ਜਿਹੜੇ ਸਰ ਪੀ. ਸੀ. ਰਾਏ ਵਾਂਗੂ ਆਪਣਾ ਡੇਰਾ ਹੀ ਲਬਾਰੇਟਰੀਆਂ ਵਿੱਚ ਲਾ ਲੈਂਦੇ ਹਨ। ਉਹ ਨਾ ਦਿਨ ਵੇਖਦੇ ਹਨ, ਨਾ ਰਾਤ; ਅਦੁੱਤੀ ਲਗਨ ਨਾਲ, ਸੰਸਾਰੀ ਸੁਖਾਂ ਵੱਲ ਪਿੱਠ ਕਰ ਕੇ, ਤਜਰਬੇ ਕਰਨ ਵਿੱਚ ਮਸਤ ਰਹਿੰਦੇ ਹਨ। ਸਾਇੰਸ ਦੀ ਖੋਜ ਵਿੱਚ ਇਨ੍ਹਾਂ ਮਹਾਂ ਪੁਰਸ਼ਾਂ ਦੀ ਕਾਫ਼ੀ ਮਹੱਤਤਾ ਹੈ। ਇਸ ਤੋਂ ਇੱਕ ਉਚੀ ਸ਼੍ਰੇਣੀ ਉਨ੍ਹਾਂ ਮਹਾਂਪੁਰਸ਼ਾਂ ਦੀ ਹੈ ਜਿਹੜੇ ਗੁਰੂਆਂ ਪੈਗੰਬਰਾਂ ਵਾਂਗੂ ਪੂਰਬਲੇ ਜਨਮਾਂ ਦੀ ਕਮਾਈ ਦਾ ਸਦਕਾ ਬਣੇ ਬਣਾਏ ਆਉਂਦੇ ਹਨ। ਇਸ ਸ਼੍ਰੇਣੀ ਵਿੱਚ ਹਨ :-ਕੈਪਲਰ, ਨਿਊਟਨ, ਡਾਲਟਨ ਆਈਨਸਟੀਨ ਆਦਿ, ਜਿਨ੍ਹਾਂ ਨਾ ਕਦੇ ਯੂਨੀਵਰਸਿਟੀਆਂ ਵਿੱਚ ਵਿਦਿਆ ਪ੍ਰਾਪਤ ਕੀਤੀ ਤਾਂ ਨਾ ਹੀ ਲੇਬਾਰੇਟਰੀਆਂ ਵਿੱਚ ਜਾ ਕੇ ਤਜਰਬੇ ਕੀਤੇ। ਪੂਰਬਲੇ ਜਨਮਾਂ ਦੀਆਂ ਕਮਾਈਆਂ ਦਾ ਸਦਕਾ ਇਨ੍ਹਾਂ ਨੂੰ ਐਸੀਆਂ ਗੱਲਾਂ ਸੁੱਝਦੀਆਂ ਹਨ ਜਿਸ ਨਾਲ ਸਾਇੰਸ ਵਿੱਚ ਇੱਕ ਨਵੇਂ ਜੁਗ ਦੀ ਸ਼ੁਰੂਆਤ ਹੋ ਜਾਂਦੀ ਹੈ। ਨਿਊਟਨ ਇੱਕ ਸੇਬ ਦੇ ਬੂਟੇ ਹੇਠਾਂ ਬੈਠਾ ਸ਼ੇਬ ਨੂੰ ਹੇਠਾ ਡਿੱਗਦਾ ਵੇਖ ਕੇ ਸੋਚੀਂ ਪੈ ਜਾਂਦਾ ਹੈ। ਸੋਚਦਾ ਹੈ ਇਹ ਹੇਠਾਂ ਨੂੰ ਕਿਉਂ ਡਿੱਗਾ? ਉੱਪਰ ਨੂੰ ਕਿਉਂ ਨਹੀਂ ਚਲਾ ਗਿਆ ?

ਘਰ ਬੈਠੇ ਹੀ ਵਿਚਾਰ ਕੇ ਧਰਤੀ ਦੀ ਖਿੱਚ ਦੇ ਸਿਧਾਂਤ ਅਥਵਾ Graivtaiton theory ਦਾ ਐਲਾਨ ਕਰ ਦਿੱਤਾ। ਇਸ ਤੋਂ ਪਿਛੋਂ ਨਿਊਟਨ ਨੇ ਤਿੰਨ ਪ੍ਰਸਿੱਧ ਕੁਦਰਤੀ ਨਿਯਮ ਪ੍ਰਾਪਤ ਕੀਤੇ, ਜਿਹੜੇ ਸਾਇੰਸ ਦੀ ਰੀੜ੍ਹ ਦੀ ਹੱਡੀ ਬਣ ਗਏ। ਪਿੱਛੇ ਜਿਹੇ ਜਦ ਇੱਕ ਅਮਰੀਕਨ ਚੰਨ ਤੇ ਹੋ ਕੇ ਵਾਪਸ ਆਇਆ ਤਾਂ ਉਹ ਸਾਡੇ ਦੇਸ ਵਿੱਚ ਵੀ ਆਇਆ। ਇੱਥੇ ਜਦ ਉਸ ਨੂੰ ਇਹ ਸਵਾਲ ਪੁੱਛਿਆ ਗਿਆ ਕਿ ਕਿਹੜੇ ਕਿਹੜੇ ਸਾਇੰਸਦਾਨਾਂ ਦੀਆਂ ਖੋਜਾਂ ਨੇ ਤੇਰੀ ਚੰਨ ਦੀ ਸੈਰ ਸੰਭਵ ਬਣਾਈ ਤਾਂ ਉਸ ਨੇ ਪਹਿਲਾਂ ਨਾਂ ਨਿਊਟਨ ਦਾ ਲਿਆ।

ਇਸੇ ਤਰ੍ਹਾਂ 1805 ਵਿੱਚ ਡਾਲਟਨ ਨੇ ਪ੍ਰਮਾਣੂ-ਸਿਧਾਂਤ ਅਥਵਾ Atoimc theory ਦਾ ਐਲਾਨ ਕੀਤਾ, ਜਿਸ ਨਾਲ ਕੈਮਿਸਟਰੀ ਵਿੱਚ ਇੱਕ ਨਵਾਂ ਜੁਗ ਅਰੰਭ ਹੋਇਆ। ਪੂਰੀ ਇੱਕ ਸਦੀ ਬਾਅਦ ਅਥਵਾ 1905 ਵਿੱਚ ਇੱਕ ਹੋਰ ਅਨਪੜ੍ਹ, ਸਾਇੰਸ ਦੇ ਪਿੜ ਵਿੱਚ ਕੁੱਦਿਆ। ਇਹ ਸੀ ਐਲਬਰਟ ਆਈਨਸਟੀਨ। ਇਸ ਨੇ ਆਪਣਾ ਰੈਲੇਟਿਵੀ ਦੀ ਸਿਧਾਂਤ ਸਵਿਟਜ਼ਰਲੈਂਡ ਦੇ ਇੱਕ ਅਖ਼ਬਾਰ ਵਿੱਚ ਛਪਵਾਇਆ ਤਾਂ ਮਸਖ਼ਰੀਆਂ ਅਤੇ ਟਿਚਕਰਾਂ ਸ਼ੁਰੂ ਹੋਈਆਂ। ਡਾਲਟਨ ਨਾਲ ਵੀ ਇਹ ਕੁਝ ਵਰਤਿਆ ਸੀ। 1921 ਵਿੱਚ ਉਸ ਨੂੰ ਨੋਬਲ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਅਤੇ ਸਾਇੰਸ ਵਿੱਚ ਇੱਕ ਨਵਾਂ ਜੁਗ ਅਰੰਭ ਹੋਇਆ।

ਕਰਮ-ਕਾਂਡੀਆਂ ਦੀਆਂ ਸੇਵਾਵਾਂ ਵੀ ਧਰਮ ਅਤੇ ਸਾਇੰਸ ਦੇ ਦੋਹਾਂ ਖੇਤਰਾਂ ਵਿੱਚ ਸ਼ਲਾਘਾਯੋਗ ਹਨ, ਪਰ ਜੁਗ ਪਲਟਾ ਕਰਨ ਵਾਲੇ ਪਿੱਛੋਂ ਹੀ ਬਣੇ ਬਣਾਏ ਆਉਂਦੇ ਹਨ।

ਹੁਣ ਆਉ ਵੇਖੀਏ ਕਿ ਇਹ ਧਰਮ ਅਤੇ ਸਾਇੰਸ ਦੋਹਾਂ ਦੇ ਪੈਗ਼ੰਬਰ ਇਨਸਾਨੀ ਜੀਵਨ ਅਤੇ ਉਹਦੀ ਪੂਰਤੀ ਲਈ ਕੀ ਫ਼ੁਰਮਾਂਦੇ ਹਨ। ਧਰਮ ਦੇ ਸਿਧਾਂਤਾਂ ਤੋਂ ਤਾਂ ਪਾਠਕ ਚੰਗੀ ਤਰ੍ਹਾਂ ਜਾਣੂ ਹਨ—

੧. "ਜੈਸੇ ਜਲ ਤੇ ਬੁਦਬੁਦਾ ਉਪਜੇ ਬਿਨਸੇ ਨੀਤ।
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਣ ਮੀਤ।"
੨. "ਅਲਹੁ ਅਭੇਖ ਸੋਈ, ਪੁਰਾਨ ਤੋਂ ਕੁਰਾਨ ਉਹੀ।

ਏਕੋ ਹੀ ਸਰੂਪ ਸਭੈ ਏਕੋ ਹੀ ਬਨਾਉ ਹੈ। ''

੩. ''ਏਕ ਅਨੇਕ ਬਿਆਪਕ ਪੂਰਕ ਜਤ ਦੇਖਾਂ ਤਤ ਸੋਈ॥
ਮਾਇਆ ਚਿਤਰ ਬਚਿਤਰ ਬਿਮੋਹਤ ਵਿਰਲਾ ਬੂਝੇ ਕੋਈ।

ਇਹ ਸਾਰੀ ਸ੍ਰਿਸ਼ਟੀ ਇੱਕੋ ਚੇਤਨਾ ਦਾ ਪ੍ਰਕਾਸ਼ ਹੈ। ਜੀਵਨ ਦੀ ਪੂਰਨਤਾ "ਇਕ" ਵਿੱਚ ਹੀ ਸੁਰਤ ਨੂੰ ਲੀਨ ਕਰਨ ਵਿੱਚ ਹੈ। ਨਾਮਦੇਵ ਆਪਣੀ ਰੋਟੀ ਪੱਕਾ ਰਿਹਾ ਹੈ। ਜਦ ਇੱਕ ਪ੍ਰਸ਼ਾਦਾ ਪਕਾ ਕੇ ਉਸ ਨੇ ਛਿੱਕੂ ਵਿੱਚ ਰੱਖਿਆ ਤਾਂ ਕੁੱਤਾ ਦੌੜ ਕੇ ਆਇਆ ਅਤੇ ਪ੍ਰਸ਼ਾਦਾ ਚੁੱਕ ਕੇ ਭਜ ਪਿਆ। ਨਾਮਦੇਵ ਜੀ ਦਾਲ ਦੀ ਕਟੋਰੀ ਹੱਥ ਵਿੱਚ ਫੜ ਕੇ ਪਿੱਛੇ-ਪਿੱਛੇ ਦੌੜਦੇ ਅਤੇ ਕਹਿੰਦੇ ਜਾਂਦੇ ਹਨ, ਭਗਵਨ ਰੂਖੀ ਮਤ ਖਾਈਉ'। ਕੁੱਤਾ ਹੋਵੇ ਭਾਵੇਂ ਬਿੱਲੀ, ਜਦ ਸੁਰਤ ਇਸ ਮੰਜ਼ਲ ਤੇ ਪਹੁੰਚ ਜਾਏ ਕਿ ਦਵੈਤ ਭਾਵ ਹੀ ਖ਼ਤਮ ਹੋ ਜਾਏ ਅਤੇ ''ਜੋ ਦੀਸੈ ਸੋ ਤੇਰਾ ਰੂਪ' ਵਾਲੀ ਅਵਸਥਾ ਆ ਜਾਏ ਤਾਂ ਹੀ ਜੀਵ ਦਾ ਕਲਿਆਨ ਹੈ।

ਹੁਣ ਬ੍ਰਹਿਮੰਡ ਦੇ ਖੋਜੀਆਂ ਦੇ ਸਿਧਾਂਤਾਂ ਵੱਲ ਆਈਏ। ਡਾਲਟਨ ਦੇ ਪਰਮਾਣੂ ਸਿਧਾਂਤ ਦੀ ਵਿਆਖਿਆ ਇਉਂ ਕੀਤੀ ਗਈ ਹੈ। ਸੰਸਾਰ ਦੀ ਹਰ ਵਸਤੂ ਨਿੱਕੇ-ਨਿੱਕੇ ਕਿਣਕਿਆਂ ਅਥਵਾ ਪ੍ਰਮਾਣੂਆਂ ਦੀ ਬਣੀ ਹੋਈ ਹੈ। ਸਾਡਾ ਸਰੀਰ ਕਰੋੜਾਂ ਪਰਮਾਣੂਆਂ ਦਾ ਬਣਿਆ ਹੋਇਆ ਹੈ। ਜਿਸ ਤਰ੍ਹਾਂ ਇੱਕ ਰੱਸੀ ਨੂੰ ਤੇਜ਼ੀ ਨਾਲ ਘੁਮਾਈਏ ਤਾਂ ਇਕ ਖੜੋਤਾ ਦਾਇਰਾ ਹੀ ਨਜ਼ਰੀਂ ਪੈਂਦਾ ਹੈ ਇਸੇ ਤਰ੍ਹਾਂ ਇਨ੍ਹਾਂ ਪਰਮਾਣੂਆਂ ਦੀ ਅਤਿਅੰਤ ਤੇਜ਼ ਘੁੰਮਣ-ਘੇਰੀ ਦਾ ਸਦਕਾ ਸਾਡਾ ਸਰੀਰ ਅਤੇ ਹੋਰ ਵਸਤੂਆਂ ਨਿੱਗਰ ਭਾਸਦੀਆਂ ਹਨ। ਇਸ ਗੱਲ ਨੂੰ ਜ਼ਿਹਨ ਵਿੱਚ ਬਿਠਾਣਾ ਕੋਈ ਸੌਖੀ ਗੱਲ ਨਹੀਂ ਸੀ।

ਜਦ ਮੈਂ ਪਹਿਲਾਂ ਬੀ. ਐਸ-ਸੀ. ਨੂੰ ਪੜ੍ਹਨ ਲਗਾ ਤਾਂ ਪਹਿਲੇ ਇਮਤਿਹਾਨ ਵਿੱਚ ਮੈਂ ਇਹ ਸਵਾਲ ਪੁੱਛਿਆ ਕਿ ਕੀ ਐਟਮ ਇੱਕ ਅਸਲੀਅਤ ਹੈ। '' ਵਿਦਿਆਰਥੀਆਂ ਨੇ ਜੋ ਦਲੀਲਾਂ ਐਟਮ ਦੀ ਹੋਂਦ ਦੀਆਂ ਪੁਸਤਕਾਂ ਵਿੱਚ ਦਿਤੀਆਂ ਹੋਈਆਂ ਹਨ, ਉਹ ਸਭ ਲਿਖੀਆਂ। ਇੱਕ ਵਿਦਿਆਰਥੀ ਨੇ, ਜਿਸ ਨੇ ਕੋਈ ਪੁਸਤਕ ਪੜ੍ਹੀ ਨਹੀਂ ਸੀ ਇਹ ਲਿਖਿਆ ਕਿ ਜਦ ਕੈਮਿਸਟਰੀ ਦਾ ਲੈਕਚਰ ਸੁਣੀਦਾ ਹੈ ਤਾਂ ਐਟਮ ਦੀ ਹੋਂਦ ਦਾ ਯਕੀਨ ਆ ਜਾਂਦਾ ਹੈ, ਪਰ ਜਦ ਹੋਸਟਲ ਵਿੱਚ ਜਾ ਕੇ ਮੌਜ-ਮੇਲਾ ਕਰੀਦਾ ਹੈ ਤਾਂ ਐਟਮ ਮੈਨੂੰ ਇੱਕ ਮੂਲੋਂ ਹੀ ਦਿਮਾਗ਼ੀ ਭਰਮ ਭਾਸਦਾ ਹੈ। ਮੈਂ ਇਹ ਜਵਾਬ ਪੜ੍ਹ ਕੇ ਬੜਾ ਪ੍ਰਸੰਨ ਹੋਇਆ ਅਤੇ ਜਮਾਤ ਨੂੰ ਕਿਹਾ ਕਿ ਸਾਡੇ ਫੁਰਨਿਆਂ ਦੀ ਅਸਲੀਅਤ ਇਹੋ ਹੀ ਹੈ। ਜੇ ਐਟਮ ਦੀ ਹੋਂਦ ਦੇ ਸ਼ਾਕਰ ਹੋ ਜਾਈਏ ਤਾਂ ਸੰਸਾਰ ਦੀ ਲੀਲ੍ਹਾ ਦਾ ਰੂਪ-ਰੰਗ ਹੀ ਬਦਲ ਜਾਏ।

ਵੀਹਵੀਂ ਸਦੀ ਵਿੱਚ ਆਈਨਸਟੀਨ ਨੇ ਸ਼ਕਤੀ-ਸਿਧਾਂਤ ਨੂੰ ਪਰਮਾਣੀਕ ਕਰ ਕੇ ਐਟਮ-ਸਿਧਾਂਤ ਅਤੇ ਮਾਦੇ ਨੂੰ ਖ਼ਤਮ ਹੀ ਕਰ ਦਿੱਤਾ। ਹੁਣ ਅਸੀਂ ਇਹ ਕਹਿੰਦੇ ਹਾਂ ਕਿ ਇਹ ਸੰਸਾਰ ਸ਼ਕਤੀ ਦਾ ਸਮੁੰਦਰ ਹੈ, ਜਿਸ ਵਿਚ ਲਹਿਰਾਂ ਉੱਠਦੀਆਂ ਅਤੇ ਫੇਰ ਜਜ਼ਬ ਹੁੰਦੀਆਂ ਰਹਿੰਦੀਆਂ ਹਨ। ਇਹ ਸ਼ਕਤੀ ਚੇਤੰਨ ਸ਼ਕਤੀ ਹੈ। ਇਥੇ ਹੀ ਬਸ ਨਹੀਂ, ਆਈਨਸਟੀਨ ਤਾਂ ਸਾਇੰਸ ਨੂੰ ਇਥੇ ਤਕ ਪਹੁੰਚਾ ਗਿਆ ਹੈ ਕਿ 'ਦੇਸ' ਅਤੇ 'ਕਾਲ' ਵੀ ਸਾਡੇ ਧਰਤੀ ਦੇ ਹਾਲਾਤ ਅਤੇ ਸਾਡੇ ਮਨ ਦੇ ਬਣਾਏ ਭਰਮ ਹਨ। ਫੇਰ ਆਈਨਸਟੀਨ ਦੇ ਚੇਲੇ ਆਏ। ਪਹਿਲਾ ਅਡਿਗਟਨ, ਉਸ ਨੇ ਦੱਸਿਆ ਕਿ ਜਦ ਅਸੀਂ ਕਿਸੇ ਪੁਰਸ਼ ਜਾਂ ਕਿਸੇ ਵਸਤੂ ਨੂੰ ਵੇਖਦੇ ਹਾਂ ਤਾਂ ਉਸ ਦਾ ਨਿੱਕਾ ਜਿਹਾ ਉਲਟਾ ਅਕਸ ਅੱਖ ਦੇ ਲੈਨਜ਼ ਦੇ ਰਾਹੀਂ ਸਾਡੇ ਰੈਟੀਨਾਂ ਤੇ ਪੈਂਦਾ ਹੈ। ਇਸ ਰੇਟੀਨਾਂ ਦੀ ਚੋਭ ਨੂੰ ਪ੍ਰਕਾਸ਼-ਨਾੜੀ ਦਿਮਾਗ਼ ਤੱਕ ਪਹੁੰਚਾਂਦੀ ਹੈ, ਦਿਮਾਗ਼ ਦੇ ਪਿੱਛੇ ਬੈਠਾ ਮਨ, ਇਸ ਦਿਮਾਗ਼ ਦੀ ਚੋਭ ਤੋਂ ਇੱਕ ਸਿੱਧਾ ਅਤੇ ਉੱਚਾ ਲੰਬਾ ਪੁਰਸ਼ ਜਾਂ ਕੋਈ ਵਸਤੂ ਬਣਾ ਲੈਂਦਾ ਹੈ। ਇਹ ਦ੍ਰਿਸ਼ਟੀ ਸਾਡੇ ਗਿਆਨ-ਇੰਦਰਿਆਂ ਅਤੇ ਸਾਡੇ ਮਨ ਦਾ ਬਣਾਇਆ ਹੋਇਆ ਸਿਨੇਮਾ-ਸ਼ੋ ਹੈ, ਹੋਰ ਅਸਲੀਅਤ ਵਿੱਚ ਤਾਂ ਲਹਿਰਾਂ ਹੀ ਲਹਿਰਾਂ ਹਨ। ਜੀਨਜ਼ ਲਿਖਦਾ ਹੈ ਕਿ ਸਾਇੰਸਦਾਨ ਦੇ ਦ੍ਰਿਸ਼ਟੀਕੋਣ ਤੋਂ ਵੇਖਿਆਂ ਅਤੇ ਵਿਚਾਰਿਆਂ ਹੋਇਆਂ ਇਹ ਸ੍ਰਿਸ਼ਟੀ ਇੱਕ ਮਹਾਂ ਕਲਾ ਜਾਂ ਮਸ਼ੀਨ ਨਹੀਂ, ਇਹ ਤਾਂ ਇੱਕ ਅਨੂਪਮ ਫੁਰਨਾ ਪ੍ਰਤੀਤ ਹੁੰਦਾ ਹੈ।

ਸ੍ਰਿਸ਼ਟੀ ਦੀ ਜੋ ਤਸਵੀਰ ਧਰਮੀ ਮਹਾਂ ਪੁਰਸ਼ਾਂ ਨੇ ਆਪਣੇ ਅਨੁਭਵ ਦੁਆਰਾ ਸਦੀਆਂ ਪਹਿਲਾਂ ਖਿੱਚੀ ਸੀ, ਬ੍ਰਹਿਮੰਡ ਦੀ ਖੋਜ ਕਰ-ਕਰ ਕੇ ਚੋਟੀ ਦੇ ਸਾਇੰਸਦਾਨਾਂ ਨੇ ਉਸ ਦੀ ਪ੍ਰੋੜਤਾ ਕਰ ਦਿੱਤੀ ਹੈ। ਜੇ ਇਸੇ ਤਸਵੀਰ ਮੁਤਾਬਕ ਅਸੀਂ ਕਲਜੁਗੀ ਜੀਵ ਆਪਣੇ ਆਚਰਨ ਨੂੰ ਢਾਲੀਏ ਤਾਂ ਇਹ ਧਰਤੀ ਸੱਚਮੁਚ ਬੈਕੁੰਠ ਬਣ ਸਕਦੀ ਹੈ, ਪਰ ਬਣੀ ਹੋਈ ਇਸ ਵੇਲੇ ਇਹ ਘੋਰ ਨਰਕ ਹੈ। ਫੇਰ ਇਸ ਨਰਕ ਨੂੰ ਬੈਕੁੰਠ ਬਣਾਉਣ ਲਈ ਅਸੀਂ ਕੀ ਕਾਰ ਕਰੀਏ ?

.......................................................

# ਕਲਾਵੰਤ ਪੱਤਰਕਾਰ, ਸਾਹਿਤਕਾਰ ਤੇ ਮੰਚ-ਸੰਚਾਲਕ ਸੰਤ ਇੰਦਰ ਸਿੰਘ ਚੱਕਰਵਰਤੀ



**ਗੁਰਬਚਨ ਸਿੰਘ ਭੁੱਲਰ**

ਸੰਤ ਇੰਦਰ ਸਿੰਘ ਚੱਕਰਵਰਤੀ ਨਾਲ ਮੇਰੀ ਜਾਣ-ਪਛਾਣ ਉਹਨਾਂ ਦੀ ਸਾਹਿਤਕਾਰ ਸ਼ਖ਼ਸੀਅਤ ਸਦਕਾ ਹੋਈ। ਇਹ ਉਸ ਸਮੇਂ ਦਾ ਜ਼ਿਕਰ ਹੈ ਜਦੋਂ ਮੈਂ ਸਾਹਿਤ ਦੇ ਸੁਹਾਵਣੇ ਸੰਸਾਰ ਵਿਚ ਸ਼ਾਮਲ ਹੋਣ ਲਈ ਬੂਹੇ ਦੇ ਅੰਦਰ ਪੈਰ ਰੱਖ ਚੁੱਕਿਆ ਸੀ। ਜ਼ਮਾਨਾ ਸਾਹਿਤ ਸਭਾਵਾਂ ਦਾ ਸੀ ਜੋ ਸਾਹਿਤ ਸਭਾਵਾਂ ਨੂੰ ਕਰਨਾ ਲੋੜੀਂਦਾ ਕੰਮ ਪੂਰੀ ਸਿਦਕ-ਦਿਲੀ ਨਾਲ ਕਰਦੀਆਂ ਸਨ। ਉਹ ਆਪਣੇ ਸਾਲਾਨਾ ਸਮਾਗਮ ਤਾਂ ਧੂਮ-ਧਾਮ ਨਾਲ ਕਰਵਾਉਂਦੀਆਂ ਹੀ, ਵਿਚਕਾਰੇ ਬਾਕਾਇਦਾ ਮਾਸਕ ਸਾਹਿਤਕ ਬੈਠਕਾਂ ਤੋਂ ਇਲਾਵਾ ਗੋਸ਼ਟੀਆਂ, ਚਰਚਾਵਾਂ, ਕਵੀ-ਦਰਬਾਰ, ਆਦਿ ਵੀ ਕਰਵਾਉਂਦੀਆਂ ਰਹਿੰਦੀਆਂ। ਚੱਕਰਵਰਤੀ ਜੀ ਉਸ ਸਮੇਂ ਭਾਸ਼ਾ ਵਿਭਾਗ ਵਿਚ ਕੰਮ ਕਰਦੇ ਸਨ। ਇਹ ਤਾਂ ਓਦੋਂ ਪਤਾ ਨਹੀਂ ਸੀ, ਕਾਗ਼ਜ਼ਾਂ ਵਿਚ ਉਹਨਾਂ ਦੀ ਪਦਵੀ ਕੀ ਸੀ ਤੇ ਉਹਨਾਂ ਦੀਆਂ ਦਫ਼ਤਰੀ ਜ਼ਿੰਮੇਦਾਰੀਆਂ ਕੀ ਸਨ, ਪਰ ਸਭਾਵਾਂ ਦੇ ਸਮਾਗਮਾਂ ਵਿਚ ਭਾਸ਼ਾ ਵਿਭਾਗ ਵੱਲੋਂ ਆਮ ਕਰ ਕੇ ਉਹੋ ਹੀ ਸ਼ਾਮਲ ਹੁੰਦੇ। ਉਸ ਸਮੇਂ ਉਹ ਭਾਸ਼ਾ ਵਿਭਾਗ ਵਾਸਤੇ ਸ਼ਾਇਦ ਹਿੰਦੀ-ਪੰਜਾਬੀ ਕੋਸ਼ ਤਿਆਰ ਕਰ ਰਹੇ ਸਨ। ਬਹੁਤ ਮਗਰੋਂ ਜਾਣਕਾਰੀ ਮਿਲੀ ਕਿ ਉਹਨਾਂ ਨੇ ਵਿਭਾਗ ਦੇ ਦਿੱਤੇ ਹੋਏ ਸਿਰਫ਼ ਇਕ ਸਹਾਇਕ ਨਾਲ ਹੀ ਇਸ ਹਿੰਦੀ-ਪੰਜਾਬੀ ਕੋਸ਼ ਵਿਚ 60,000 ਹਿੰਦੀ ਸ਼ਬਦਾਂ ਦੇ ਪੰਜਾਬੀ ਅਰਥ ਸਾਂਭ ਦਿੱਤੇ ਸਨ।

ਨਾਮਧਾਰੀ ਪੰਥ ਵਿਚ ਤਾਂ ਉਹਨਾਂ ਨੂੰ ਪ੍ਰਮੁੱਖ ਲੇਖਕ ਮੰਨਿਆ ਹੀ ਜਾਂਦਾ ਸੀ, ਸਾਹਿਤ ਦੀ ਮੁੱਖ-ਧਾਰਾ ਵਿਚ ਵੀ ਉਹਨਾਂ ਦਾ ਨਾਂ ਪ੍ਰਮੁੱਖ ਲੇਖਕਾਂ ਵਿਚ ਹੀ ਸ਼ੁਮਾਰ ਕੀਤਾ ਜਾਂਦਾ ਸੀ। ਉਹ ਸਹੀ ਅਰਥਾਂ ਵਿਚ ਸਰਬ-ਵਿਧਾਈ ਲੇਖਕ ਸਨ। ਉਹਨਾਂ ਨੇ ਲਗਭਗ ਹਰ ਵਿਧਾ ਵਿਚ ਲਿਖਿਆ ਤੇ ਹਰ ਵਿਧਾ ਵਿਚ ਹੀ ਪਕਿਆਈ ਤੇ ਗੁਣਵਾਨਤਾ ਦਿਖਾਈ। ਉਹਨਾਂ ਨੇ ਕਲਮੀ ਸ਼ੁਰੂਆਤ 'ਸਤਿਜੁਗ' ਤੋਂ ਕੀਤੀ ਜਿਸ ਵਿਚ ਉਹਨਾਂ ਨੇ ਪੱਤਰਕਾਰ ਵਜੋਂ ਜੌਹਰ ਦਿਖਾਏ। ਸੰਪਾਦਕੀ ਤਾਂ ਲਿਖਣੀ ਹੀ ਹੋਈ, ਮਹੱਤਵਪੂਰਨ ਮੁੱਦਿਆਂ ਤੇ ਵਿਸ਼ਿਆਂ ਨੂੰ ਲੈ ਕੇ ਉਹਨਾਂ ਦੇ ਬੇਸ਼ੁਮਾਰ ਲੇਖ ਪ੍ਰਕਾਸ਼ਿਤ ਹੋਏ। ਕੁਝ ਲੰਮੇ ਲੇਖਾਂ ਨੂੰ ਉਹਨਾਂ ਨੇ, ਉਸ ਜ਼ਮਾਨੇ ਦੀ ਵਧੀਆ ਰੀਤ ਅਨੁਸਾਰ, ਟੈਕਟਾਂ ਦੇ ਰੂਪ ਵਿਚ ਪ੍ਰਕਾਸ਼ਿਤ ਕਰਵਾਇਆ।

ਇਤਿਹਾਸਕਾਰ ਸੁਵਰਨ ਸਿੰਘ ਵਿਰਕ ਚੜ੍ਹਦੀ ਉਮਰੇ ਹੱਥ ਲੱਗੇ 'ਸਤਿਜੁਗ' ਦੇ ਪੁਰਾਣੇ, 1929 ਤੋਂ 1941 ਤੱਕ ਦੇ, 'ਬਸੰਤ ਅੰਕ' ਪੜ੍ਹ ਕੇ ਸੰਪਾਦਕੀ ਅਤੇ ਹੋਰ ਲੇਖਾਂ ਦੀ ਸੰਤ ਇੰਦਰ ਸਿੰਘ ਚੱਕਰਵਰਤੀ ਦੀ ਵਾਰਤਿਕ ਬਾਰੇ ਲਿਖਦੇ ਹਨ: "ਚੱਕਰਵਰਤੀ ਜੀ ਦੇ ਲਿਖੇ ਮੁੱਖ ਲੇਖ, ਜੋ ਇਹਨਾਂ ਅੰਕਾਂ ਦੇ ਆਰੰਭ ਵਿਚ ਹੁੰਦੇ ਸਨ, ਆਪਣੇ ਆਪ ਵਿਚ ਨਾਮਧਾਰੀ ਸਾਹਿਤ ਅਤੇ ਇਤਿਹਾਸ ਨੂੰ ਕਥਾ-ਕਹਾਣੀ ਦੀ ਸ਼ੈਲੀ ਵਿਚ ਪੇਸ਼ ਕਰਦੇ ਰਸ-ਭਰੀ ਪੰਜਾਬੀ ਵਾਰਤਕ ਦੇ ਅਨੂਠੇ ਨਮੂਨੇ ਹੁੰਦੇ ਸਨ ਜਿਨ੍ਹਾਂ ਵਿਚ ਗੁਰਬਾਣੀ ਜਾਂ ਹੋਰ ਕਾਵਿ-ਟੁਕੜੀਆਂ ਸੋਨੇ ਦੀ ਮੁੰਦਰੀ ਵਿਚ ਨਗਾਂ ਵਾਂਗੂੰ ਜੜੀਆਂ ਹੁੰਦੀਆਂ ਸਨ।"

ਵਾਰਤਕ ਤੋਂ ਬੱਝਿਆ ਮੁੱਢ ਅੱਗੇ ਚੱਲ ਕੇ ਭਰਪੂਰ ਫੁੱਲਿਆ-ਫਲਿਆ। ਉਹਨਾਂ ਨੇ ਜੀਵਨੀਆਂ ਵੀ ਲਿਖੀਆਂ ਤੇ ਇਤਿਹਾਸ ਵੀ। ਅਨੇਕ ਪੋਥੀਆਂ-ਪੁਸਤਕਾਂ ਦਾ ਸੰਪਾਦਨ ਕੀਤਾ। ਸਮੇਂ-ਸਮੇਂ ਉਹਨਾਂ ਨੇ ਕਈ ਸਪਤਾਹਿਕਾਂ ਤੇ ਮਾਸਕਾਂ ਦਾ ਸੰਪਾਦਨ ਵੀ ਕੀਤਾ। ਕੋਸ਼ਕਾਰੀ ਦੇ ਉਹ ਨਿਪੁੰਨ ਸਨ। ਰਚਨਾਤਮਿਕ ਸਾਹਿਤ ਵਿਚ ਉਹਨਾਂ ਨੇ ਕਵਿਤਾ ਵੀ ਲਿਖੀ ਤੇ ਕਈ ਮਹਾਂਕਾਵਿ ਵੀ ਰਚੇ, ਕਹਾਣੀਆਂ ਵੀ ਲਿਖੀਆਂ ਤੇ ਨਾਵਲ ਵੀ ਲਿਖੇ, ਨਾਟਕ ਇਕਾਂਗੀ ਵੀ ਲਿਖੇ ਤੇ ਪੂਰੇ ਵੀ। ਕੋਈ ਵੀ ਵਿਧਾ ਉਹਨਾਂ ਦੀ ਕਲਮ ਦੇ ਕਲਾਵੇ ਵਿਚੋਂ ਬਾਹਰ ਨਹੀਂ ਸੀ ਰਹਿ ਸਕੀ।

ਚੱਕਰਵਰਤੀ ਜੀ ਜਮਾਂਦਰੂ ਨਾਮਧਾਰੀ ਸਨ। ਉਹਨਾਂ ਦੇ ਪਿੰਡ ਲੱਲ ਕਲਾਂ ਅਤੇ ਭੈਣੀ ਸਾਹਿਬ ਦੀ ਵਿੱਥ ਕੁੱਲ ਚਾਰ-ਪੰਜ ਕੋਹ ਸੀ। ਉਹਨਾਂ ਦੇ ਦਾਦਾ ਜੀ ਜੈ ਸਿੰਘ ਤੇ ਪਿਤਾ

ਮੋਦਨ ਸਿੰਘ ਪੱਕੇ ਨਾਮਧਾਰੀ ਸਨ। ਦਾਦਾ ਜੀ ਦਾ ਭੈਣੀ ਸਾਹਿਬ ਆਉਣ-ਜਾਣ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਸੀ। ਪਿਤਾ ਜੀ ਵੀ ਚੜ੍ਹਦੀ ਉਮਰ ਤੋਂ ਹੀ ਉਹਨਾਂ ਨਾਲ ਜਾਣ ਲੱਗ ਪਏ ਸਨ। ਇਸ ਸ਼ਰਧਾ ਦਾ ਉਹਨਾਂ ਨੂੰ ਮੁੱਲ ਵੀ ਚੁਕਾਉਣਾ ਪਿਆ ਜਿਸ ਵਿਚ ਪਟਿਆਲਾ ਰਿਆਸਤ ਦੀ ਕੈਦ ਵੀ ਸ਼ਾਮਲ ਸੀ ਤੇ ਭੈਣੀ ਸਾਹਿਬ ਦੇ ਬੂਹੇ ਉੱਤੇ ਬੈਠੀ ਅੰਗਰੇਜ਼ੀ ਪੁਲਿਸ ਦੀ ਚੌਕੀ ਦੀ ਸਖ਼ਤੀ ਵੀ ਸ਼ਾਮਲ ਸੀ। ਪਿਤਾ ਜੀ ਤਾਂ ਬਾਲ ਇੰਦਰ ਸਿੰਘ ਦੇ ਸੁਰਤ ਸੰਭਾਲਣ ਤੋਂ ਪਹਿਲਾਂ ਹੀ ਚਲਾਣਾ ਕਰ ਗਏ ਸਨ। ਸਤਿਗੁਰੂ ਰਾਮ ਸਿੰਘ ਜੀ ਦਾ ਸਮਾਂ, ਅੰਗਰੇਜ਼ ਸਾਮਰਾਜ ਵਿਰੁੱਧ ਸੇਧੀਆਂ ਹੋਈਆਂ ਨਾਮਧਾਰੀਆਂ ਦੀਆਂ ਬੁੱਚੜ-ਵਿਰੋਧੀ ਕਾਰਵਾਈਆਂ ਅਤੇ ਸਤਿਗੁਰੂ ਜੀ ਦਾ ਵਿਛੋੜਾ—ਇਹ ਸਭ ਅੱਖੀਂ ਦੇਖਣ ਵਾਲੇ ਦਾਦਾ ਜੀ ਨੌਜਵਾਨ ਇੰਦਰ ਸਿੰਘ ਲਈ ਇਸ ਇਤਿਹਾਸ ਦੀ ਅਜਿਹੀ ਜੀਵਤ ਪੁਸਤਕ ਸਨ ਜਿਸ ਦਾ ਵਿਚਾਰਾਂ ਦੇ ਰੂਪ ਫੜਨ ਦੀ ਉਮਰੇ ਡੂੰਘਾ ਪ੍ਰਭਾਵ ਪੈਣਾ ਹੀ ਪੈਣਾ ਸੀ।

1872 ਵਿਚ ਸਤਿਗੁਰੂ ਜੀ ਦੇ ਦੇਸ-ਨਿਕਾਲੇ ਅਤੇ 1902 ਵਿਚ ਚੱਕਰਵਰਤੀ ਜੀ ਦੇ ਜਨਮ ਵਿਚਕਾਰ ਕੁੱਲ ਤੀਹ ਸਾਲਾਂ ਦੀ ਵਿੱਥ ਸੀ। ਜੇ ਅੱਜ ਪੰਦਰਾਂ ਦਹਾਕੇ ਬੀਤ ਜਾਣ ਮਗਰੋਂ ਵੀ ਨਾ ਨਾਮਧਾਰੀਆਂ ਦੀਆਂ ਕੁਰਬਾਨੀਆਂ ਤੇ ਸ਼ਹੀਦੀਆਂ ਦੀ ਤਾਬ ਮੱਧਮ ਹੋਈ ਹੈ ਤੇ ਨਾ ਸ਼ਰਧਾਲੂਆਂ ਦੇ ਦਿਲਾਂ ਵਿਚੋਂ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਦੀ ਪੀੜ ਮੱਠੀ ਪਈ ਹੈ, ਇਹਨਾਂ ਦੋਵਾਂ ਘਟਨਾਵਾਂ ਦੇ ਵਾਪਰਨ ਤੋਂ ਸਿਰਫ਼ ਗਿਣਤੀ ਦੇ ਦਹਾਕਿਆਂ ਮਗਰੋਂ ਦੇ ਅਸਰ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ।

ਇਹ ਇਸੇ ਪਰਿਵਾਰਕ ਪਿਛੋਕੜ ਦਾ ਤੇ ਘਟਨਾਵੀ ਅਸਰ ਦਾ ਨਤੀਜਾ ਸੀ ਕਿ ਇੰਦਰ ਸਿੰਘ 14 ਕੁ ਸਾਲ ਦੀ ਉਮਰੇ 1916 ਵਿਚ ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਆ ਪਹੁੰਚਿਆ। ਸਮੇਂ ਨਾਲ ਗੁਰੂ ਤੇ ਸਿੱਖ ਦੀ ਇਹ ਸਾਂਝ ਪੱਕੀ ਹੀ ਪੱਕੀ ਹੁੰਦੀ ਗਈ। ਉਮਰ ਥੋੜ੍ਹੀ ਵੱਡੀ, ਭਾਵ ਹੱਥ ਲਿਆ ਕਾਰਜ ਨਿਭਾਉਣ ਜੋਗੀ ਹੋਈ ਤਾਂ ਬਾਲ ਇੰਦਰ ਸਿੰਘ ਤੋਂ ਬਣੇ ਸੰਤ ਇੰਦਰ ਸਿੰਘ ਨੂੰ ਭੈਣੀ ਸਾਹਿਬ ਦੇ ਪ੍ਰਬੰਧਕ ਦੀ ਵੱਡੀ ਜ਼ਿੰਮੇਦਾਰੀ ਸੌਂਪ ਦਿੱਤੀ ਗਈ। 1928 ਵਿਚ 'ਸਤਿਜੁਗ' ਲਾਹੌਰ ਤੋਂ ਭੈਣੀ ਸਾਹਿਬ ਲਿਆਂਦਾ ਗਿਆ ਤਾਂ ਕਲਮਕਾਰ ਵਜੋਂ ਪ੍ਰਤਿਭਾ ਪਛਾਣਦਿਆਂ ਉਹਨਾਂ ਨੂੰ ਸੰਪਾਦਕ ਥਾਪਿਆ ਗਿਆ। ਇਹਨਾਂ ਸਾਲਾਂ ਵਿਚ ਉਹਨਾਂ ਦੇ ਪਰਦੇਸਾਂ ਵਿਚ ਜਾਣ ਦਾ ਵੀ ਸਬੱਬ ਕਈ ਵਾਰ ਬਣਿਆ। ਇਹ ਇਹੋ ਇਕ-ਚੌਥਾਈ ਸਦੀ ਲੰਮਾ ਦੌਰ ਸੀ ਜਿਸ ਨੇ ਇੰਦਰ ਸਿੰਘ ਨੂੰ ਨਾਮਧਾਰੀ ਵਜੋਂ ਸੰਤ ਅਤੇ ਕਲਮਕਾਰ ਵਜੋਂ ਪਹਿਲਾਂ ਪੱਤਰਕਾਰ ਤੇ ਫੇਰ ਸਾਹਿਤਕਾਰ ਬਣਾ ਕੇ ਚੱਕਰਵਰਤੀ ਬਣਾ ਦਿੱਤਾ।

ਉਹਨਾਂ ਦੀ ਸ਼ਬਦ-ਸੋਝੀ ਨੂੰ ਨਿਖਾਰਨ ਵਿਚ, ਇਤਿਹਾਸਕਾਰ ਸੁਵਰਨ ਸਿੰਘ ਵਿਰਕ ਦੇ ਦੱਸਣ ਅਨੁਸਾਰ, ਭੈਣੀ ਸਾਹਿਬ ਦੇ ਪੁਸਤਕਾਲੇ ਦਾ ਵੱਡਾ ਹੱਥ ਸੀ। ਇਹ ਅਦੁੱਤੀ ਪੁਸਤਕਾਲਾ ਸਤਿਗੁਰੂ ਪਰਤਾਪ ਸਿੰਘ ਜੀ ਨੇ ਕਾਇਮ ਕੀਤਾ ਸੀ, "ਜਿਸ ਵਿਚ ਪੰਜਾਬੀ, ਹਿੰਦੀ, ਅੰਗਰੇਜ਼ੀ, ਆਦਿ ਭਾਸ਼ਾਵਾਂ ਦੀਆਂ ਪੁਸਤਕਾਂ ਸੰਗ੍ਰਹਿਤ ਸਨ। ਪੰਜਾਬੀ ਤੇ ਹਿੰਦੀ ਦੇ ਰੋਜ਼ਾਨਾ ਅਖ਼ਬਾਰ, ਪੱਤਰ-ਪੱਤਰਕਾਵਾਂ ਵੀ ਇਥੇ ਪਹੁੰਚਦੇ। ਇਸ ਪੁਸਤਕਾਲੇ ਦੀ ਸਥਾਪਨਾ ਵਿਚ ਵੀ ਚੱਕਰਵਰਤੀ ਜੀ ਦਾ ਯੋਗਦਾਨ ਸੀ ਅਤੇ ਇਥੇ ਮੌਜੂਦ ਸਮੱਗਰੀ ਤੋਂ ਉਹਨਾਂ ਭਰਪੂਰ ਲਾਭ ਉਠਾਇਆ।"

ਉਹ ਬਾਲਪਨ ਤੇ ਗਭਰੇਟ ਵਰ੍ਹੇ ਬਿਤਾ ਕੇ ਸੋਝੀ ਦੀ ਉਮਰ ਨੂੰ ਪੁੱਜੇ, ਤਾਂ ਉਪਰੋਥਲੀ ਅਜਿਹੀਆਂ ਘਟਨਾਵਾਂ ਤੇਜ਼ੀ ਨਾਲ ਵਾਪਰ ਰਹੀਆਂ ਸਨ ਜੋ ਉਪਰੋਕਤ ਦੋਵਾਂ ਘਟਨਾਵਾਂ-ਸ਼ਹੀਦੀਆਂ ਪ੍ਰਾਪਤ ਕਰਨ ਤੱਕ ਨਾਮਧਾਰੀਆਂ ਦਾ ਅੰਗਰੇਜ਼-ਵਿਰੋਧ ਅਤੇ ਸਤਿਗੁਰੂ ਰਾਮ ਸਿੰਘ ਜੀ ਦਾ ਦੇਸ-ਨਿਕਾਲਾ--ਦੇ ਅਸਰ ਨੂੰ ਹੋਰ ਗੂੜ੍ਹਾ ਕਰਦੀਆਂ ਸਨ। ਇਹਨਾਂ ਵਿਚ ਗ਼ਦਰੀਆਂ ਦਾ ਆਪਣੇ ਨਿਸ਼ਾਨੇ ਦੀ ਪੂਰਤੀ ਲਈ ਪਰਦੇਸਾਂ ਤੋਂ ਦੇਸ ਆਉਣਾ, ਬੱਬਰ ਅਕਾਲੀ ਲਹਿਰ ਦਾ ਸਿਰਲੱਥ ਸੰਗਰਾਮ, ਜੋਸ਼ ਤੇ ਹੋਸ਼ ਦੇ ਪੱਖੋਂ ਬੇਮਿਸਾਲ ਅਕਾਲੀ ਮੋਰਚੇ, ਜਲ੍ਹਿਆਂਵਾਲੇ ਬਾਗ਼ ਦਾ ਦਿਲ-ਕੰਬਾਊ ਕਤਲਾਮ, ਦੇਸ ਦੀ ਜਵਾਨੀ ਨੂੰ ਜੋਸ਼ ਨਾਲ ਭਰ ਦੇਣ ਵਾਲੇ ਭਗਤ ਸਿੰਘ ਤੇ ਸਾਥੀਆਂ ਦੇ ਕਾਰਨਾਮੇ, ਦੇਸ ਨੂੰ ਗੁੱਸੇ ਨਾਲ ਭਰ ਦੇਣ ਵਾਲੀਆਂ ਦੇਸ਼ ਭਗਤਾਂ ਨੂੰ ਫਾਂਸੀਆਂ, ਜਲਾਵਤਨੀਆਂ, ਉਮਰ-ਕੈਦਾਂ ਤੇ ਕਾਲੇ-ਪਾਣੀ ਦੀਆਂ ਸਜ਼ਾਵਾਂ, ਆਦਿ ਸ਼ਾਮਲ ਸਨ।

ਇਹਨਾਂ ਸਭਨਾਂ ਘਟਨਾਵਾਂ ਦੇ ਅਸਰ ਨੇ ਚੱਕਰਵਰਤੀ ਜੀ ਵਿਚ ਅੰਗਰੇਜ਼-ਵਿਰੋਧ ਤੇ ਦੇਸ-ਪ੍ਰੇਮ ਦੀ ਭਾਵਨਾ ਤਾਂ ਭਰੀ ਹੀ, ਉਹਨਾਂ ਨੂੰ ਮਨੁੱਖ ਵਜੋਂ ਸੁਹਿਰਦ ਤੇ ਉੱਚੀਆਂ ਮਾਨਵੀ ਕਦਰਾਂ-ਕੀਮਤਾਂ ਦੇ ਪਾਲਕ ਵੀ ਬਣਾ ਦਿੱਤਾ। 'ਸਤਿਜੁਗ' ਦੇ ਉਹਨਾਂ ਦੇ ਸੰਪਾਦਕੀ ਤੇ ਹੋਰ ਲੇਖਾਂ ਵਿਚ ਉਹਨਾਂ ਦੀ ਸੋਚ ਦਾ ਸਪੱਸ਼ਟ ਪ੍ਰਗਟਾਵਾ ਹੁੰਦਾ ਸੀ। ਖਾਸ ਕਰ ਕੇ 'ਸਤਿਜੁਗ' ਦੇ ਬਸੰਤ ਅੰਕਾਂ ਵਿਚ, ਜੋ ਬੜੀ ਮਿਹਨਤ ਨਾਲ ਤਿਆਰ ਕੀਤੇ ਜਾਂਦੇ ਸਨ, ਉਹਨਾਂ ਦੇ ਸੰਪਾਦਕੀ ਲੇਖਾਂ ਵਿਚ ਦੇਸ-ਪ੍ਰੇਮ ਤੇ ਅੰਗਰਜ਼-ਵਿਰੋਧ ਹੀ ਮੁੱਖ ਸੁਰ ਹੁੰਦੇ ਸਨ। ਸੁਵਰਨ ਸਿੰਘ ਵਿਰਕ, ਜਿਨ੍ਹਾਂ ਨੇ ਉਹ

ਵਿਚ ਚੱਕਰਵਰਤੀ ਜੀ ਦੇ ਮੁੱਖ-ਲੇਖ 'ਅਪੂਰਵ ਬਲੀਦਾਨ' ਸਦਕਾ ਤਾਂ ਨਾ ਕੇਵਲ ਇਹ ਅੰਕ ਹੀ ਜ਼ਬਤ ਕਰ ਲਿਆ ਗਿਆ, ਸਗੋਂ 'ਸਤਿਜੁਗ' ਤੋਂ ਪੰਜ ਹਜ਼ਾਰ ਰੁਪਏ ਦੀ ਜ਼ਮਾਨਤ ਵੀ ਮੰਗ ਲਈ ਗਈ ਅਤੇ ਚੱਕਰਵਰਤੀ ਜੀ ਨੂੰ ਛੇ ਮਹੀਨੇ ਰੂਪੋਸ਼ ਵੀ ਰਹਿਣਾ ਪਿਆ। ਇਸ ਲੇਖ ਵਿਚ ਨਾਮਧਾਰੀ ਸ਼ਹੀਦੀਆਂ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਦੇਸ-ਨਿਕਾਲੇ ਦਾ ਹਾਲ ਬਿਆਨਿਆ ਗਿਆ ਸੀ।

ਜਦੋਂ ਭਗਤ ਸਿੰਘ ਤੇ ਉਹਦੇ ਸਾਥੀਆਂ ਨੂੰ ਫਾਂਸੀ ਦਿੱਤੀ ਗਈ, ਚੱਕਰਵਰਤੀ ਜੀ ਨੇ 'ਸਤਿਜੁਗ' ਦੇ ਆਪਣੇ ਸੰਪਾਦਕੀ ਲੇਖ ਵਿਚ ਆਪਣੇ ਦਿਲ ਦਾ ਦਰਦ ਤੇ ਰੋਹ, ਜੋ ਹਰ ਹਿੰਦੁਸਤਾਨੀ ਦੇ ਦਿਲ ਦਾ ਦਰਦ ਤੇ ਰੋਹ ਸੀ, ਨਿਰਭੈ ਹੋ ਕੇ ਬਿਆਨ ਕੀਤਾ ਅਤੇ ਗਾਂਧੀ-ਇਰਵਨ ਗੱਲਬਾਤ ਤੇ ਸਮਝੌਤੇ ਦਾ ਵਿਰੋਧ ਕੀਤਾ। ਇਥੇ ਸੁਵਰਨ ਸਿੰਘ ਵਿਰਕ ਜੀ ਦੀ ਪੁਸਤਕ 'ਕੂਕਾ ਲਹਿਰ ਦੇ ਅਮਰ ਨਾਇਕ-2' ਵਿਚੋਂ ਉਸ ਸੰਪਾਦਕੀ ਦੇ ਅੰਸ਼ ਪੇਸ਼ ਕਰਨੇ ਠੀਕ ਰਹਿਣਗੇ:

ਸ੍ਰ. ਭਗਤ ਸਿੰਘ ਜ਼ਿੰਦਾਬਾਦ!
ਨੌਕਰਸ਼ਾਹੀ ਮੁਰਦਾਬਾਦ!

ਆਖ਼ਰ ਨੌਕਰਸ਼ਾਹੀ ਨੇ ਆਪਣੀ ਨੀਚਤਾ ਦਾ ਸਬੂਤ ਦੇ ਹੀ ਦਿੱਤਾ।

"ਇਕ ਬੰਨੇ ਤਾਂ ਲਾਰਡ ਇਰਵਨ ਮਹਾਤਮਾ ਜੀ ਨਾਲ ਸੁਲਾਹ ਕਰ ਕੇ ਸ਼ਾਂਤ ਵਾਯੂਮੰਡਲ ਪੈਦਾ ਕਰਨ ਦੇ ਸੁਪਨੇ ਲੈ ਰਿਹਾ ਏ। ਦੂਜੇ ਬੰਨੇ ਓਹੀ ਲਾਰਡ ਇਰਵਨ 32 ਕਰੋੜ ਭਾਰਤੀਆਂ ਦੇ ਰੂਹੇ-ਰਵਾਂ ਸਰਦਾਰ ਭਗਤ ਸਿੰਘ ਜੀ ਨੂੰ ਫਾਂਸੀ ਦੇ ਤਖ਼ਤੇ 'ਤੇ ਲਟਕਾਣ ਦੀ ਇਜਾਜ਼ਤ ਦੇ ਕੇ ਆਪਣੀ ਦੋਸਤੀ ਦਾ ਸਬੂਤ ਦੇ ਰਿਹਾ ਏ। ਸੱਚੀਂ-ਮੁੱਚੀਂ ਵਿਨਾਸ਼ ਸਮੇਂ ਬੁੱਧੀ ਭ੍ਰਿਸ਼ਟ ਹੋ ਜਾਇਆ ਕਰਦੀ ਏ। ਇਸ ਸਮੇਂ ਨੌਕਰਸ਼ਾਹੀ ਆਪਣੇ ਅਖ਼ੀਰਲੇ ਸਵਾਸ ਪੂਰੇ ਕਰ ਰਹੀ ਏ। ਉਹ ਦਿਨ ਹੁਣ ਬਹੁਤ ਹੀ ਨਜ਼ਦੀਕ ਏ ਜਦੋਂ ਆਪਣਾ ਬੋਰੀਆ-ਬਿਸਤਰਾ ਬੰਨ੍ਹ ਕੇ ਇੰਗਲੈਂਡ ਜਾ ਕੇ ਹੀ ਦਮ ਲਵੇਗੀ। ਇਹ ਆਪਣੇ ਨਾਸ ਦੇ ਸਮਾਨ ਆਪੇ ਹੀ ਪੈਦਾ ਕਰ ਚੁੱਕੀ ਏ। ਆਪਣੇ ਸੜਨ ਲਈ ਇਹ ਕਾਫ਼ੀ ਭਾਂਬੜ ਬਾਲ ਚੁੱਕੀ ਏ। ਪਤਾ ਨਹੀਂ ਅੱਜ ਕਿਥੇ ਗਈ ਇਸ ਦੀ ਸਭਿਅਤਾ ਅਤੇ ਤਹਿਜ਼ੀਬ! ਇਸ ਤਰ੍ਹਾਂ ਤਾਂ ਕੋਈ ਕਾਇਰ ਤੋਂ ਕਾਇਰ ਮਨੁੱਖ ਵੀ ਨਹੀਂ ਕਰਦਾ, ਜਦ ਕਿ ਉਸ ਦੇ ਦੁਸ਼ਮਨ ਨੇ ਆਪਣੇ ਅਸਤ੍ਰ-ਸ਼ਸਤਰ ਇਕ ਪਾਸੇ ਰੱਖ ਕੇ ਸੁਲਾਹ ਦਾ ਹੱਥ ਵਧਾਇਆ ਹੋਵੇ। ਐਨ ਉਸ ਸਮੇਂ ਮੌਕਾ ਦੇਖ ਕੇ ਵਾਰ ਕਰਨਾ ਸੂਰਮਤਾ ਨਹੀਂ, ਕਾਇਰਤਾ ਹੈ, ਮਹਾਂਨੀਚਤਾ ਹੈ।

"ਸਾਡੇ ਇਸ ਲੇਖ ਦੇ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਹੀ, ਜੇ ਭਾਰਤੀ ਗੱਭਰੂਆਂ ਅੰਦਰ ਕੁਝ ਅਣਖ ਦਾ ਮਾਦਾ ਹੋਇਆ, ਕੁਝ ਗ਼ੈਰਤ ਦੀ ਕਣੀ ਬਾਕੀ ਹੋਈ, ਤਾਂ ਉਹ ਕਰਾਚੀ ਕਾਂਗਰਸ ਵਿਚ ਇਸ ਸੁਲਾਹ ਨੂੰ ਜੁੱਤੀ ਦੀ ਨੋਕ ਨਾਲ ਠੁਕਰਾ ਕੇ ਮੁੜ ਸ਼ਾਂਤਮਈ ਜੰਗ ਦਾ ਬਿਗਲ ਵਜਾ ਦੇਣਗੇ। ਸਾਨੂੰ ਤਾਂ ਓਦੋਂ ਹੀ ਆਸ ਸੀ ਕਿ ਸੁਲਾਹ ਕਰ ਕੇ ਪੂਜਯ ਮਹਾਤਮਾ ਜੀ ਨੇ ਸਖ਼ਤ ਗ਼ਲਤੀ ਕੀਤੀ ਏ। ਨੌਕਰਸ਼ਾਹੀ ਦਾ ਦਿਲ ਸਾਫ਼ ਨਹੀਂ। ਫਿਰ ਜੇ ਅਜੇ ਵੀ ਕਾਂਗਰਸ ਨੇ ਸੁਲਾਹ ਨੂੰ ਪਰਵਾਨ ਕਰ ਲਿਆ ਤਾਂ ਸਖ਼ਤ ਗ਼ਲਤੀ ਕਰੇਗੀ। ਨੌਕਰਸ਼ਾਹੀ ਨੂੰ ਹੋਰ ਵੀ ਅਜੇਹੇ ਪਾਪ ਕਰਨ ਦਾ ਸਮਾਂ ਮਿਲ ਜਾਏਗਾ ਅਤੇ ਇਹ ਮੁੜ ਇਥੇ ਫ਼ਿਰਕੂ ਭੂਤ ਨੂੰ ਭੂਹੇ ਕਰ ਕੇ ਤਮਾਸ਼ਾ ਦੇਖੇਗੀ। ਇਸ ਲਈ ਅਸੀਂ ਮਹਾਂਕਵੀ ਅਕਬਰ ਅਲਾਹਾਬਾਦੀ ਦੇ ਏਸ ਕਥਨ ਅਨੁਸਾਰ ਏਹੀ ਰਾਇ ਦਿਆਂਗੇ ਕਿ-ਕਦਮੇ ਸ਼ੌਕ ਬੜ੍ਹੇ ਕਿਆ ਉਨਕੀ ਤਰਫ਼ ਅਕਬਰ, ਦਿਲ ਸੇ ਮਿਲਤੇ ਨਹੀਂ ਯੇਹ ਹਾਥ ਮਿਲਾਨੇ ਵਾਲੇ!"

ਚੱਕਰਵਰਤੀ ਜੀ ਦੀ ਹਰਮਨਪਿਆਰਤਾ ਵਿਚ ਵਾਧਾ ਕਰਨ ਵਾਲਾ ਇਕ ਹੋਰ ਗੁਣ ਮੰਚ-ਸੰਚਾਲਨ ਦੀ ਕਲਾ ਸੀ। ਉਹ ਭੈਣੀ ਸਾਹਿਬ ਦੀਆਂ ਧਾਰਮਿਕ, ਸਮਾਜਕ, ਭਾਈਚਾਰਕ ਤੇ ਰਾਜਨੀਤਕ ਕਾਨਫ਼ਰੰਸਾਂ ਵਿਚ ਹੀ ਨਹੀਂ, ਬਾਹਰ ਵੀ ਜਿਥੇ ਸਬੱਬ ਬਣਦਾ, ਵੱਡੇ ਇਕੱਠਾਂ ਵਾਲੀਆਂ ਮਹੱਤਵਪੂਰਨ ਕਾਨਫ਼ਰੰਸਾਂ ਵਿਚ ਆਪਣੀ ਇਸ ਕਲਾ ਨਾਲ ਮੌਕੇ ਅਨੁਸਾਰ ਮਾਹੌਲ ਸਿਰਜ ਦਿੰਦੇ। ਇਕ ਮਿਸਾਲ ਵਜੋਂ ਸੁਵਰਨ ਸਿੰਘ ਵਿਰਕ ਜੀ ਦਾ ਲਿਖਿਆ ਇਹ ਹਾਲ ਦੇਖਿਆ ਜਾ ਸਕਦਾ ਹੈ: "ਆਪਣੇ ਮਹਿਬੂਬ, ਸਤਿਗੁਰੂ ਪਰਤਾਪ ਸਿੰਘ ਜੀ ਦੇ ਭੋਗ ਮੇਲੇ ਸਮੇਂ, 10 ਸਤੰਬਰ 1959 ਨੂੰ ਡੇਢ-ਲੱਖੀ ਪੰਡਾਲ ਦਾ ਮੰਚ ਸੰਭਾਲਦਿਆਂ ਜਦੋਂ ਉਹਨਾਂ ਨੇ ਵਿਯੋਗੀ ਸੁਰ ਵਿਚ ਇਹ ਟੱਪਾ ਬੋਲਿਆ, 'ਸੋਨੇ ਦਾ ਕਿੱਲ ਮਾਹੀਆ! ਲੋਕਾਂ ਦੀਆਂ ਰੋਣ ਅੱਖੀਆਂ, ਸਾਡਾ ਰੋਂਦਾ ਏ ਦਿਲ ਮਾਹੀਆ!' ਤਾਂ ਹਰ ਅੱਖ ਅਟੱਲ ਪਰਤਾਪੀ ਜੀ ਦੀ ਯਾਦ ਵਿਚ ਨਮ ਹੋ ਚੁੱਕੀ ਸੀ।" ਜਦੋਂ ਜਵਾਹਰਲਾਲ ਨਹਿਰੂ 1939 ਵਿਚ ਕਾਂਗਰਸੀ ਆਗੂ ਵਜੋਂ ਤੇ ਫੇਰ 1953 ਵਿਚ ਪ੍ਰਧਾਨ ਮੰਤਰੀ ਹੁੰਦਿਆਂ ਭੈਣੀ ਸਾਹਿਬ ਆਏ ਸਨ, ਦੋਵੇਂ ਵਾਰ ਬਹੁਤ ਵਿਸ਼ਾਲ ਇਕੱਠਾਂ ਦਾ ਮੰਚ-ਸੰਚਾਲਨ ਚੱਕਰਵਰਤੀ ਜੀ ਨੇ ਹੀ ਕੀਤਾ ਸੀ। ਜਦੋਂ ਮਹਾਤਮਾ ਗਾਂਧੀ ਨੂੰ ਗੋਲੀਆਂ ਮਾਰ ਦਿੱਤੀਆਂ ਗਈਆਂ, ਪਟਿਆਲੇ ਵਿਖੇ ਹੋਈ ਭਰਵੀਂ ਸੋਗ-ਸਭਾ ਦੇ ਮੰਚ-ਸੰਚਾਲਕ ਵੀ ਉਹੋ ਹੀ ਸਨ।

ਭੈਣੀ ਸਾਹਿਬ ਦੇ ਢਾਈ ਦਹਾਕਿਆਂ ਮਗਰੋਂ ਉਹ

ਗੁਰਬਖ਼ਸ਼ ਸਿੰਘ ਦੇ ਪ੍ਰੀਤਨਗਰ ਦੇ ਸਾਹਿਤਕ ਜਲੌਅ ਦੇ ਖਿੱਚੇ ਹੋਏ ਉਥੇ ਜਾ ਪਹੁੰਚੇ ਅਤੇ ਪ੍ਰੀਤ ਸੈਨਿਕ ਬਣ ਗਏ। ਗੁਰਬਖ਼ਸ਼ ਸਿੰਘ ਜੀ ਨੇ ਉਹਨਾਂ ਨੂੰ ਲੰਗਰ ਦੇ ਪਰਬੰਧ ਦਾ ਮੁਖੀਆ ਥਾਪ ਦਿੱਤਾ ਅਤੇ ਕੰਮ ਦੀ ਸੁਚੱਜਤਾ ਲਈ ਇਕ ਪ੍ਰੀਤ ਸੈਨਿਕ ਸਹਾਇਕ ਵਜੋਂ ਵੀ ਦੇ ਦਿੱਤਾ। ਹਰ ਪ੍ਰੀਤ ਸੈਨਿਕ ਨੂੰ ਪੰਦਰਾਂ ਰੁਪਏ ਮਾਸਕ ਮਾਣ-ਮਾਇਆ ਮਿਲਦੀ ਸੀ ਜਿਸ ਵਿਚੋਂ ਸਾਢੇ ਸੱਤ ਰੁਪਏ ਲੰਗਰ ਛਕਣ ਦੇ ਕੱਟੇ ਜਾਂਦੇ ਸਨ। ਲਗਦਾ ਹੈ, ਚੱਕਰਵਰਤੀ ਜੀ ਨੂੰ ਪ੍ਰੀਤਨਗਰ ਸੰਬੰਧੀ ਦੱਸੇ-ਦਿਖਾਏ ਗਏ ਸੁਫ਼ਨਿਆਂ ਤੇ ਸੁਣਾਏ ਗਏ ਉਸਤਤੀ ਕਿੱਸਿਆਂ ਅਤੇ ਉਥੋਂ ਦੇ ਯਥਾਰਥ ਵਿਚ ਪਾੜਾ ਮਹਿਸੂਸ ਕਰਨ ਵਿਚ ਬਹੁਤਾ ਸਮਾਂ ਨਾ ਲਗਿਆ। ਉਹਨਾਂ ਦੇ ਸਾਥੀ ਪ੍ਰੀਤ ਸੈਨਿਕ ਪਿਆਰਾ ਸਿੰਘ ਦਾਤਾ ਦੀ ਇਕ ਲਿਖਤ ਤੋਂ ਵੀ ਇਹੋ ਹੀ ਸੋਅ ਮਿਲਦੀ ਹੈ। ਦਾਤਾ ਜੀ ਲਿਖਦੇ ਹਨ:

"ਮੈਂ ਪੁੱਛਿਆ, 'ਚੱਕਰਵਰਤੀ ਜੀ, ਕੁਝ ਸੈਨਿਕ ਪ੍ਰੀਤ ਨਗਰ ਨੂੰ ਤਿਲਾਂਜਲੀ ਦੇ ਕੇ ਘਰੀਂ ਜਾ ਬੈਠੇ ਨੇ। ਮੈਂ ਸੁਣਿਐ, ਤੁਸੀਂ ਵੀ ਪ੍ਰੀਤ ਨਗਰ ਨੂੰ ਅਲਵਿਦਾ ਕਹਿਣ ਵਾਲੇ ਹੋ। ਇਸ ਤਰ੍ਹਾਂ ਤਾਂ ਹੌਲੀ-ਹੌਲੀ ਪ੍ਰੀਤ ਨਗਰ ਖਾਲੀ ਹੋ ਜਾਵੇਗਾ। ਕੀ ਇਹ ਖ਼ਬਰ ਠੀਕ ਹੈ ? ਚੱਕਰਵਰਤੀ ਜੀ ਮੁਸਕਰਾ ਕੇ ਬੋਲੇ, 'ਦਾਤਾ ਜੀ, ਕੁਝ ਦਿਨ ਹੋਰ ਦੇਖੋ।' ਫਿਰ ਬੁੱਲ੍ਹਾਂ ਉੱਤੇ ਨਿਮ੍ਹਾ ਜਿਹਾ ਹਾਸਾ ਲਿਆ ਕੇ ਹੌਲੀ ਕੁ ਕਹਿਣ ਲੱਗੇ, 'ਇਕ ਪੁਰਾਤਨ ਕਥਾ ਤੁਹਾਨੂੰ ਸੁਣਾਉਂਦਾ ਹਾਂ। ਇਕੇਰਾਂ ਸ਼ਿਵ ਜੀ ਤੇ ਪਾਰਵਤੀ ਦੀ ਸੇਵਾ ਵਿਚ ਸੈਂਕੜੇ ਦੇਵੀ-ਦੇਵਤੇ ਹਾਜ਼ਰ ਸਨ। ਕਈ ਸਾਲ ਉਹ ਲੰਗਰ ਵਿਚ ਛੱਤੀ ਪ੍ਰਕਾਰ ਦੇ ਭੋਜਨ ਛਕਦੇ ਰਹੇ। ਜਦੋਂ ਲੰਗਰ ਵਿਚ ਸਮਗਰੀ ਖ਼ਤਮ ਹੋਣ 'ਤੇ ਆਈ, ਤਾਂ ਹੌਲੀ-ਹੌਲੀ ਸਾਰੇ ਦੇਵੀ-ਦੇਵਤੇ ਉਥੋਂ ਖਿਸਕਣ ਲੱਗੇ। ਅਜਿਹਾ ਜਾਪਣ ਲੱਗਿਆ ਜਿਵੇਂ—ਸਨੇ ਸਨੇ ਉਠ ਜਾਇੰਗੇ, ਸਭ ਦੇਵਨ ਕੇ ਦੇਵ। ਏਕ ਰਹੇ ਮਾਈ ਕਾਲਕਾ, ਏਕ ਰਹੇਂ ਮਹਾਂਦੇਵ। ਸੋ ਸਾਡੀ ਭਵਿੱਖਬਾਣੀ ਇਹ ਕਹਿੰਦੀ ਹੈ ਕਿ ਇਸ ਨਗਰ ਦੇ ਬਾਨੀ ਤੇ ਉਹਨਾਂ ਦੇ ਸਹਿਯੋਗੀ ਮਾਤਾ ਜੀ ਹੀ ਪ੍ਰੀਤ ਨਗਰ ਵਿਚ ਰਹਿ ਜਾਣਗੇ। ਬਾਕੀ ਸਭ ਜਨਤਾ ਵਿਦਾਅ ਹੋ ਜਾਵੇਗੀ।' ਕੁਝ ਦਿਨਾਂ ਮਗਰੋਂ ਚੱਕਰਵਰਤੀ ਜੀ ਸੱਚਮੁੱਚ ਅਸਤੀਫ਼ਾ ਦੇ ਗਏ।"

ਇਹ ਜਾਣਨਾ ਦਿਲਚਸਪ ਹੈ ਕਿ ਗੁਰਬਖ਼ਸ਼ ਸਿੰਘ, ਜਿਨ੍ਹਾਂ ਨੂੰ ਸਾਹਿਤਕ ਇਕੱਠਾਂ ਵਿਚ ਕਿਸੇ ਨੇ ਕਦੀ ਮੁਸਕਰਾਉਂਦੇ-ਹਸਦੇ ਘੱਟ ਹੀ ਦੇਖਿਆ ਸੀ, ਸਗੋਂ ਨਹੀਂ ਹੀ ਸੀ ਦੇਖਿਆ, ਚੱਕਰਵਰਤੀ ਜੀ ਦੇ ਹੱਸ-ਮੁੱਖ ਸੁਭਾਅ ਦੀ ਅਤੇ ਇਹਨਾਂ ਦੀਆਂ ਗੱਲਾਂ ਵਿਚੋਂ ਛਲਕਦੇ ਹਾਸਰਸ ਦੀ ਖੁੱਲ੍ਹ ਕੇ ਤਾਰੀਫ਼ ਕਰਦੇ ਹਨ ਅਤੇ ਉਹਨਾਂ ਗੱਲਾਂ ਨਾਲ ਆਪ ਖ਼ੁਸ਼ ਹੁੰਦੇ ਹੋਣ ਦਾ ਇਕਬਾਲ ਕਰਦੇ ਹਨ। ਉਹਨਾਂ ਨੇ 'ਪ੍ਰੀਤਲੜੀ' ਦੇ ਸ਼ੁਭ-ਚਿੰਤਕ ਵਜੋਂ ਚੱਕਰਵਰਤੀ ਜੀ ਦੀ ਵਡਿਆਈ ਕਰਦਿਆਂ ਉਹਨਾਂ ਦੇ ਸੁਭਾਅ ਬਾਰੇ ਲਿਖਿਆ:

"ਭੈਣੀ ਸਾਹਿਬ ਵਿਖੇ... ਚੱਕਰਵਰਤੀ ਜੀ ਨੂੰ ਮਿਲ ਕੇ ਤੇ ਇਹਨਾਂ ਦੇ ਖੁੱਲ੍ਹੇ-ਡੁੱਲ੍ਹੇ ਬੋਲ ਸੁਣ ਕੇ ਮੈਨੂੰ ਖਾਸ ਖ਼ੁਸ਼ੀ ਹੋਈ। ਇਹਨਾਂ ਦੇ ਹਸਾਉਣੇ ਸੁਭਾਅ, ਧਰਮਾਂ ਦੇ ਗਿਆਨ, ਸਾਹਿਤ ਦੇ ਅਧਿਐਨ ਤੇ ਤਬੀਅਤ ਦੀ ਮਿਲਣਸਾਰੀ ਨੇ ਮੈਨੂੰ ਬੜਾ ਪ੍ਰਭਾਵਿਤ ਕੀਤਾ। ਚੱਕਰਵਰਤੀ ਜੀ ਦੇ ਪ੍ਰੀਤ ਨਗਰ ਆਉਣ ਨਾਲ ਪ੍ਰੀਤ ਨਗਰ ਦੀ ਜ਼ਿੰਦਗੀ ਵਿਚ ਵਾਧਾ ਹੋਇਆ। ਚੱਕਰਵਰਤੀ ਜੀ ਦੇ ਹਾਸਰਸ ਦੀ ਅੱਜ ਤੱਕ ਮੈਨੂੰ ਖਿੜਾਵੀਂ ਯਾਦ ਹੈ। ਪ੍ਰੀਤ-ਮਿਲਣੀਆਂ ਵਿਚ ਉਹਨਾਂ ਦੇ ਭਾਸ਼ਣ ਸਰੋਤਿਆਂ ਦਾ ਨਿਰਾ ਗਿਆਨ ਹੀ ਨਹੀਂ ਸਨ ਵਧਾਉਂਦੇ, ਉਹਨਾਂ ਦਾ ਥਕੇਵਾਂ ਤੇ ਅਕੇਵਾਂ ਵੀ ਘਟਾਉਂਦੇ ਸਨ। ਆਪ ਦੇ ਸ਼ਬਦਾਂ ਵਿਚ ਵਿਦਵਤਾ ਹੁੰਦੀ ਹੈ ਤੇ ਆਪ ਦੀ ਅਦਾਇਗੀ ਵਿਚ ਹਾਸਰਸ ਹੁੰਦਾ ਹੈ।"

ਪ੍ਰੀਤ ਨਗਰ ਤੋਂ ਨਿੱਕਲ ਕੇ ਉਹ 1947 ਵਿਚ ਪਟਿਆਲੇ ਪੰਜਾਬੀ ਮਹਿਕਮੇ ਵਿਚ, ਜੋ ਮਗਰੋਂ ਭਾਸ਼ਾ ਵਿਭਾਗ ਬਣ ਗਿਆ, ਜਾ ਪਹੁੰਚੇ। ਉਥੇ ਉਹਨਾਂ ਨੇ 1964 ਤੱਕ ਨੌਕਰੀ ਕੀਤੀ। ਨੌਕਰੀ ਨੂੰ ਉਹ ਗ਼ੁਲਾਮੀ ਆਖਦੇ ਸਨ ਅਤੇ ਸਤਿਗੁਰੂ ਪਰਤਾਪ ਸਿੰਘ ਜੀ ਤੋਂ ਦੂਰੀ ਦੀ ਪੀੜ ਵੀ ਮਹਿਸੂਸਦੇ ਸਨ। ਤਦ ਵੀ ਨੌਕਰੀ ਕਰ ਲੈਣ ਦਾ ਕਾਰਨ ਉਹ ਸਾਫ਼ ਸ਼ਬਦਾਂ ਵਿਚ, ਬਿਨਾਂ-ਝਿੱਜਕ ਦੱਸਦੇ ਹਨ: "ਮੈਂ ਮਸਤ ਨਹੀਂ, ਆਮ ਦੁਨੀਆਦਾਰ ਹਾਂ। ਦੁਨੀਆਦਾਰਾਂ ਨਾਲੋਂ ਵੀ ਕੁਝ ਨੀਵਾਂ ਹਾਂ।... ਪਰ ਪਿੰਜਰਾ ਤਾਂ ਪਿੰਜਰਾ ਹੀ ਹੈ, ਉਹ ਲੋਹੇ ਦਾ ਹੋਵੇ ਤਾਂ ਕੀ, ਜੇ ਸੋਨੇ ਦਾ ਹੈ ਤਾਂ ਕੀ, ਪੰਛੀ ਪਰਵਾਜ਼ ਤਾਂ ਨਹੀਂ ਨਾ ਕਰ ਸਕਦਾ!"

ਇਸ ਨੌਕਰੀ ਦੀ ਜੱਗੋਂ ਨਿਆਰੀ ਤੇ ਦਿਲਚਸਪ ਗੱਲ ਇਹ ਹੈ ਕਿ ਇਹ ਉਹਨਾਂ ਨੂੰ ਕਿਸੇ ਸਨਦ ਜਾਂ ਡਿਗਰੀ ਤੋਂ ਵਿਰਵੇ ਹੋਣ ਦੇ ਬਾਵਜੂਦ ਮਿਲੀ। ਇਸ ਤੱਥ ਵਿਚ ਕੋਈ ਕਸਰ ਨਹੀਂ ਕਿ ਉਹ ਪੰਜਾਬੀ ਤੋਂ ਇਲਾਵਾ ਹਿੰਦੀ, ਸੰਸਕ੍ਰਿਤ ਤੇ ਗੁਰਮਤਿ-ਗਿਆਨ ਦੇ ਮੰਨੇ ਹੋਏ ਵਿਦਵਾਨ ਸਨ। ਟਕਸਾਲੀ ਧਾਰਮਿਕ ਵਿਦਿਆ ਵਿਚ ਵਿਆਕਰਨ ਨੂੰ ਬਹੁਤ ਮਹੱਤਵ ਦਿੱਤਾ ਜਾਂਦਾ ਸੀ। ਇਹਨੂੰ ਗਿਆਨ ਦੀ ਇਕ ਸੁਤੰਤਰ ਵਿਧਾ ਹੀ ਮੰਨਿਆ ਜਾਂਦਾ ਸੀ। ਉਹ ਵਿਆਕਰਨ ਦੀਆਂ ਬਰੀਕੀਆਂ ਦੇ ਵੀ ਪੂਰੇ ਗਿਆਤਾ ਸਨ। ਪਰ ਇਹ ਸਾਰਾ ਗਿਆਨ ਉਹਨਾਂ ਨੇ ਸੰਬੰਧਿਤ ਖੇਤਰਾਂ ਦੇ ਸਿਆਣਿਆਂ

ਤੋਂ ਲਿਆ ਹੋਇਆ ਸੀ। ਇਸ ਗਿਆਨ-ਪ੍ਰਾਪਤੀ ਵਿਚ ਡਿਗਰੀਆਂ ਵਾਲੀ ਪੜ੍ਹਾਈ ਦਾ ਕੋਈ ਦਖ਼ਲ ਨਹੀਂ ਸੀ।

ਦੇਖਣ ਵਾਲੀ ਗੱਲ ਇਹ ਹੈ ਕਿ ਚੱਕਰਵਰਤੀ ਜੀ ਪ੍ਰੀਤ ਨਗਰ ਚਲੇ ਗਏ ਜਾਂ ਪਟਿਆਲੇ, ਉਹਨਾਂ ਦੇ ਦਿਲ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਲਈ ਤੇ ਫੇਰ ਸਤਿਗੁਰੂ ਜਗਜੀਤ ਸਿੰਘ ਜੀ ਲਈ ਸ਼ਰਧਾ ਤੇ ਸਤਿਕਾਰ ਉਸੇ ਤਰ੍ਹਾਂ ਬਣੇ ਰਹੇ ਅਤੇ ਸਤਿਗੁਰੂ ਜੀ ਦੇ ਦਿਲ ਵਿਚ ਉਹਨਾਂ ਲਈ ਸਨੇਹ ਉਸੇ ਤਰ੍ਹਾਂ ਬਣਿਆ ਰਿਹਾ। ਗੁਰਬਖ਼ਸ਼ ਸਿੰਘ ਜੀ ਨੇ ਲਿਖਿਆ ਹੈ ਕਿ ਸਤਿਗੁਰੂ ਪਰਤਾਪ ਸਿੰਘ ਜੀ ਚੱਕਰਵਰਤੀ ਜੀ ਨੂੰ ਮਿਲਣ ਲਈ ਕਈ ਵਾਰ ਪ੍ਰੀਤ ਨਗਰ ਪਧਾਰੇ ਸਨ।

ਜਦੋਂ 8 ਮਾਰਚ 1971 ਨੂੰ ਪਟਿਆਲਾ ਵਿਖੇ ਉਹਨਾਂ ਦਾ ਚਲਾਣਾ ਹੋਇਆ, ਸਸਕਾਰ ਮੌਕੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਦਰਸ਼ਨ ਹੀ ਨਹੀਂ ਸਨ ਦਿੱਤੇ, ਸਗੋਂ ਪ੍ਰੋ. ਕਿਰਪਾਲ ਸਿੰਘ ਕਸੇਲ ਦੇ ਦੱਸਣ ਅਨੁਸਾਰ "ਆਪਣੇ ਗੁਰੂ-ਪਿਤਾ ਦੇ ਪਿਆਰੇ ਸਿੱਖ ਦਾ ਅੰਤਿਮ ਇਸ਼ਨਾਨ ਵੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਰਵਾਇਆ।"

ਮੈਨੂੰ ਹੋਰਾਂ ਸਾਹਿਤ ਸਭਾਵਾਂ ਦਾ ਤਾਂ ਪਤਾ ਨਹੀਂ, ਪਰ ਸਾਡੇ ਇਲਾਕੇ ਦੀਆਂ ਸਾਹਿਤ ਸਭਾਵਾਂ ਦੀ ਸਰਪਰਸਤੀ ਤੇ ਸਹਾਇਤਾ ਉਹ ਪਹਿਲੇ ਬੋਲ ਕਰਦੇ। ਸਾਹਿਤ ਸਭਾਵਾਂ ਕੋਲ ਏਨੀ ਮਾਇਆ ਤਾਂ ਹੁੰਦੀ ਨਹੀਂ ਸੀ ਕਿ ਉਹ ਬੇਫ਼ਿਕਰ ਹੋ ਕੇ ਸਮਾਗਮ ਕਰਵਾ ਸਕਣ। ਚੰਦਾ ਮੰਗੇ ਤੋਂ ਆਮ ਲੋਕਾਂ ਨੂੰ ਸਮਝ ਹੀ ਨਹੀਂ ਸੀ ਆਉਂਦੀ ਕਿ ਇਹ ਸਾਹਿਤ ਸਭਾ ਕੀ ਹੁੰਦੀ ਹੈ ਤੇ ਸਮਾਗਮ ਕੀ ਹੁੰਦਾ ਹੈ। ਅਜਿਹੇ ਮੌਕੇ ਚੱਕਰਵਰਤੀ ਜੀ ਜੋ ਵੀ ਸਹਾਇਤਾ ਭਾਸ਼ਾ ਵਿਭਾਗ ਤੋਂ ਦੁਆ ਸਕਦੇ ਸਨ, ਉਹ ਸਿੱਧੇ-ਅਸਿੱਧੇ ਢੰਗ ਨਾਲ ਦੁਆਉਣ ਵਿਚ ਕੋਈ ਕਸਰ ਨਹੀਂ ਸਨ ਰਹਿਣ ਦਿੰਦੇ।

ਮੈਂ ਨਵੇਂ-ਨਵੇਂ ਸਾਹਿਤਕ ਚਾਅ ਨਾਲ ਸਾਡੇ ਇਲਾਕੇ ਦੀਆਂ ਕਈ ਸਾਹਿਤ ਸਭਾਵਾਂ ਦਾ ਮੈਂਬਰ ਸੀ। ਮੈਨੂੰ ਚੇਤਾ ਹੈ, ਇਕ ਵਾਰ ਇਕ ਸਭਾ ਆਪਣੇ ਸਾਲਾਨਾ ਸਮਾਗਮ ਸਮੇਂ ਖਾਸਾ ਢਮਢਮਾ ਰਚਾ ਬੈਠੀ। ਚੱਕਰਵਰਤੀ ਜੀ ਭਾਸ਼ਾ ਵਿਭਾਗ ਦੇ ਅਧਿਕਾਰੀ ਵਜੋਂ ਆਏ ਹੋਏ ਸਨ। ਉਸ ਸਮਾਗਮ ਵਿਚ ਜੋ ਕਵੀ-ਦਰਬਾਰ ਹੋਣਾ ਸੀ, ਉਹਦੇ ਕਵੀਆਂ ਨੂੰ ਅਦਾਇਗੀ ਭਾਸ਼ਾ ਵਿਭਾਗ ਨੇ ਕਰਨੀ ਸੀ। ਚੱਕਰਵਰਤੀ ਜੀ ਨੇ ਕਿਹਾ ਕਿ ਕਵੀ ਤਾਂ ਕਵੀ-ਦਰਬਾਰ ਵਿਚ ਬੋਲ ਕੇ ਹੀ ਸੰਤੁਸ਼ਟ ਹੋ ਜਾਂਦੇ ਹਨ ਤੇ ਸਲਾਹ ਦਿੱਤੀ ਕਿ ਸਭਾ ਆਪਣੇ ਸਾਰੇ ਕਵੀਆਂ ਤੋਂ ਕਵੀ-ਦਰਬਾਰ ਵਾਲੇ ਪੈਸੇ ਲੈ ਕੇ ਘਰ ਪੂਰਾ ਕਰ ਲਵੇ। ਇਸ ਤੋਂ ਵੀ ਅੱਗੇ ਵਧ ਕੇ ਉਹਨਾਂ ਨੇ ਗੁੱਝਾ ਭੇਤ ਸਮਝਾਇਆ ਕਿ ਸਭਾ ਦੇ ਜਿਹੜੇ ਮੈਂਬਰ ਸਿਖਾਂਦਰੂ ਜਿਹੀ ਕਵਿਤਾ ਲਿਖਦੇ ਹਨ ਜਾਂ ਨਹੀਂ ਵੀ ਲਿਖਦੇ, ਉਹਨਾਂ ਨੂੰ ਕਵੀ-ਦਰਬਾਰ ਵਿਚ ਬੋਲਣ ਲਈ ਸਭਾ ਦੇ ਕਵੀ ਮੈਂਬਰ ਆਪਣੀਆਂ ਕਵਿਤਾਵਾਂ ਪੰਜ-ਚਾਰ ਮਿੰਟ ਵਾਸਤੇ ਹੁਧਾਰ ਦੇ ਦੇਣ।

ਚੱਕਰਵਰਤੀ ਜੀ ਦੀ ਆਦਤ ਸੀ ਕਿ ਉਹ ਸਭਾਵਾਂ ਦੇ ਸਮਾਗਮਾਂ ਦੀ ਰਸਮੀ ਕਾਰਵਾਈ ਤੋਂ ਮਗਰੋਂ ਲੇਖਕਾਂ ਦੀ ਗ਼ੈਰ-ਰਸਮੀ ਬੈਠਕ ਵਿਚ ਵੀ ਬਾਕੀ ਨੌਜਵਾਨਾਂ ਵਾਲੇ ਉਤਸਾਹ ਨਾਲ ਹੀ ਸ਼ਾਮਲ ਹੁੰਦੇ ਤੇ ਨੌਜਵਾਨਾਂ ਵਿਚ ਨੌਜਵਾਨ ਹੀ ਬਣ ਜਾਂਦੇ। ਉਹ ਦਿਲਚਸਪ ਟੋਟਕੇ ਸੁਣਾਉਂਦੇ। ਉਹਨਾਂ ਦਾ ਜ਼ਿੰਦਗੀ ਦਾ ਅਨੁਭਵ ਬਹੁਖੇਤਰੀ ਤੇ ਵਿਸ਼ਾਲ ਹੋਣ ਕਰਕੇ ਇਹ ਟੋਟਕੇ ਵੰਨਸੁਵੰਨੇ ਹੁੰਦੇ। ਸਾਹਿਤਕਾਰਾਂ ਤੋਂ ਲੈ ਕੇ ਸਿਆਸਤਦਾਨਾਂ ਤੱਕ ਉਹਨਾਂ ਦੀ ਮਾਰ ਦੇ ਘੇਰੇ ਵਿਚ ਆ ਜਾਂਦੇ। ਪੰਜਾਬੀ ਦੇ ਵੱਡੇ ਲੇਖਕਾਂ ਨਾਲ ਤਾਂ ਉਹਨਾਂ ਦੀ ਨੇੜਤਾ ਹੈ ਹੀ ਸੀ।

ਪੰਜਾਬੀ ਸਾਹਿਤ ਦੇ ਪ੍ਰਮੁੱਖ ਨਾਂਵਾਂ ਤੋਂ ਉਹ 'ਸਤਿਜੁਗ' ਦੇ ਸੰਪਾਦਕ ਹੋਣ ਸਮੇਂ ਹੀ ਉਚੇਚੇ ਲੇਖ ਲਿਖਵਾਉਂਦੇ ਤੇ ਰਚਨਾਵਾਂ ਲੈਂਦੇ ਰਹੇ ਸਨ। ਹਿੰਦੀ ਦੇ ਪ੍ਰਮੁੱਖ ਲੇਖਕਾਂ ਨੂੰ ਮਿਲਣ ਦਾ ਸਬੱਬ ਸਤਿਗੁਰੂ ਪਰਤਾਪ ਸਿੰਘ ਜੀ ਦੀ ਸੰਗਤ ਸਦਕਾ ਬਣਦਾ ਰਿਹਾ। ਉਹਨਾਂ ਵਿਚੋਂ ਵੀ ਕਈਆਂ ਨਾਲ ਇਹਨਾਂ ਦੇ ਨੇੜਲੇ ਸੰਬੰਧ ਬਣ ਗਏ। ਸਾਹਿਤਕਾਰਾਂ ਤੋਂ ਇਲਾਵਾ ਅਨੇਕ ਸਿਆਸੀ ਆਗੂਆਂ ਨਾਲ ਵੀ ਉਹਨਾਂ ਦੇ ਸੰਬੰਧ ਬੜੇ ਨਿੱਘੇ ਸਨ। ਚੱਕਰਵਰਤੀ ਜੀ ਦੀ ਇਕ ਸਿਫ਼ਤ ਇਹ ਵੀ ਸੀ ਕਿ ਉਹ ਅਜਿਹੇ ਟੋਟਕੇ ਸੁਣਾਉਣ ਤੋਂ ਵੀ ਨਹੀਂ ਸਨ ਝਿਜਕਦੇ ਜਿਨ੍ਹਾਂ ਦੇ ਪਾਤਰ ਉਹ ਆਪ ਹੁੰਦੇ ਸਨ ਤੇ ਉਹਨਾਂ ਦਾ ਆਪਣਾ ਮਖੌਲ ਬਣਦਾ ਸੀ।

ਉਹਨਾਂ ਨੂੰ ਅਭਿਨੰਦਨ ਗ੍ਰੰਥ ਭੇਟ ਕੀਤੇ ਜਾਣ ਦਾ ਕਿੱਸਾ ਦਿਲਚਸਪ ਤਾਂ ਹੈ ਹੀ, ਨਾਲ ਹੀ ਇਹ ਵੀ ਦਰਸਾਉਂਦਾ ਹੈ ਕਿ ਉਹਨਾਂ ਵਿਚ ਮੌਕਾ ਸੰਭਾਲਣ ਦੀ ਕਿੰਨੀ ਸਿਆਣਪ ਤੇ ਸਮਰੱਥਾ ਸੀ। ਪਿਆਰਾ ਸਿੰਘ ਦਾਤਾ ਨੇ ਇਸ ਕਿੱਸੇ ਨੂੰ ਦਸੰਬਰ 2009 ਦੇ ਮਾਸਕ 'ਵਰਿਆਮ' ਵਿਚ ਲਿਖੇ ਲੇਖ 'ਅਭਿਨੰਦਨ ਗ੍ਰੰਥ ਦੀ ਪ੍ਰਾਪਤੀ' ਵਿਚ ਪਤਾ ਨਹੀਂ ਕਿਉਂ ਸਾਹਿਤ ਸਭਾ ਪਟਿਆਲਾ ਨਾਲ ਜੋੜਿਆ ਹੈ ਤੇ ਸਾਰੀ ਕਥਾ ਲਿਖੀ ਵੀ ਅਸਲੀਅਤ ਨਾਲੋਂ ਬਿਲਕੁਲ ਵੱਖਰੇ ਢੰਗ ਨਾਲ ਹੈ। ਹੋ ਸਕਦਾ ਹੈ, ਪਟਿਆਲਾ ਲਿਖਣ ਸਮੇਂ ਉਹਨਾਂ ਦਾ ਮੰਤਵ ਅਸਲ ਸਾਹਿਤ ਸਭਾ ਦੀ ਪਛਾਣ ਛੁਪਾਉਣਾ ਹੋਵੇ। ਘਟਨਾ ਦੇ ਅਸਲੀਅਤ ਨਾਲੋਂ ਫ਼ਰਕ ਦਾ ਕਾਰਨ ਇਹ ਹੋ ਸਕਦਾ ਹੈ ਕਿ ਦਾਤਾ ਜੀ ਨੇ ਕਿਤੋਂ ਮੋਟੀ-ਮੋਟੀ ਗੱਲ ਸੁਣੀ ਹੋਵੇ ਤੇ ਅਸਲੀਅਤ ਦੇ ਉਸ ਲੂਣ ਵਿਚ ਕਲਪਨਾ ਦਾ ਬਹੁਤ ਸਾਰਾ

ਆਟਾ ਪਾ ਕੇ ਲਗਭਗ ਅਣਵਾਪਰੀ ਕਥਾ ਦਾ ਪਰੌਂਠਾ ਪਕਾ ਦਿੱਤਾ ਹੋਵੇ। ਮੈਂ ਕਿਉਂਕਿ ਚੱਕਰਵਰਤੀ ਜੀ ਨੂੰ ਅਭਿਨੰਦਨ ਗ੍ਰੰਥ ਦੇਣ ਵਾਲਿਆਂ ਵਿਚੋਂ ਕੁਝ ਲੇਖਕਾਂ ਦੇ ਬਹੁਤ ਨੇੜੇ ਸੀ, ਮੈਨੂੰ ਸਾਰੀ ਘਟਨਾ ਦੀ ਜਾਣਕਾਰੀ ਨਾਲੋ-ਨਾਲ ਮਿਲਦੀ ਰਹੀ ਸੀ।

ਦਾਤਾ ਜੀ ਦਾ ਲਿਖਿਆ ਪੜ੍ਹ ਕੇ ਮੈਨੂੰ ਇਹ ਸ਼ੱਕ ਵੀ ਹੋਇਆ ਕਿ ਕਿਤੇ ਅਭਿਨੰਦਨ-ਭੇਟ ਵਾਲੀ ਇਹ ਘਟਨਾ, ਕਰਨੀ ਰੱਬ ਦੀ, ਬਿਚਾਰੇ ਚੱਕਰਵਰਤੀ ਜੀ ਨਾਲ ਦੋ ਸਭਾਵਾਂ ਵਿਚ ਤਾਂ ਨਹੀਂ ਸੀ ਵਾਪਰ ਗਈ! ਇਹ ਸ਼ੱਕ ਕੱਢਣ ਵਾਸਤੇ ਮੈਂ ਸਾਹਿਤ ਸਭਾ ਪਟਿਆਲਾ ਦੇ ਪ੍ਰਧਾਨ ਦਰਸ਼ਨ ਸਿੰਘ ਆਸ਼ਟ ਨੂੰ ਸਾਰਾ ਮਾਜਰਾ ਸੁਣਾ ਕੇ ਹਾਲਤ ਸਪੱਸ਼ਟ ਕਰਨ ਲਈ ਕਿਹਾ। ਉਹਨੇ ਆਪ ਨੂੰ ਕੋਈ ਜਾਣਕਾਰੀ ਨਾ ਹੋਣਾ ਦੱਸਿਆ ਤੇ ਇਕਰਾਰ ਕੀਤਾ ਕਿ ਉਹ ਪੁਰਾਣੇ ਲੋਕਾਂ ਤੋਂ ਪੁੱਛ ਕੇ ਛੇਤੀ ਹੀ ਨਤੀਜਾ ਦੱਸ ਦੇਵੇਗਾ। ਉਹਨੇ ਇਸ ਮਾਮਲੇ ਦੇ ਜਾਣਕਾਰ ਹੋਣ ਦੀ ਸੰਭਾਵਨਾ ਵਾਲੇ ਕਈ ਲੇਖਕਾਂ ਨਾਲ ਗੱਲ ਕਰ ਕੇ ਇਹ ਪੁਸ਼ਟੀ ਕਰ ਦਿੱਤੀ ਕਿ ਅਭਿਨੰਦਨ ਗ੍ਰੰਥ ਵਾਲਾ ਇਹ ਕਿੱਸਾ ਸਾਹਿਤ ਸਭਾ ਪਟਿਆਲਾ ਨਾਲ ਸੰਬੰਧ ਨਹੀਂ ਰਖਦਾ, ਕਿਸੇ ਹੋਰ ਸਾਹਿਤ ਸਭਾ ਵਿਚ ਵਾਪਰਿਆ ਸੀ। ਮੇਰੇ ਲਈ ਏਨੀ ਜਾਣਕਾਰੀ ਹੀ ਕਾਫ਼ੀ ਸੀ ਕਿਉਂਕਿ ਬਾਕੀ ਸਾਰੇ ਕਿੱਸੇ ਦਾ ਤਾਂ ਮੈਨੂੰ ਉਹਦੇ ਵਾਪਰਨ ਦੇ ਸਮੇਂ ਤੋਂ ਹੀ ਪਤਾ ਸੀ।

ਇਕ ਸਾਹਿਤ ਸਭਾ (ਏਨੇ ਸਾਲਾਂ ਮਗਰੋਂ ਵੀ ਮੈਨੂੰ ਸਾਹਿਤ ਸਭਾ ਦਾ ਨਾਂ ਲੈਣਾ ਠੀਕ ਨਹੀਂ ਲਗਦਾ-ਆਪਣੀਆਂ ਹੀ ਸਭਾਵਾਂ ਤੇ ਆਪਣੇ ਹੀ ਲੇਖਕ, ਚਿਰਾਂ ਪਹਿਲਾਂ ਵਾਪਰੀ ਭੁੱਲੀ-ਭੁਲਾਈ ਘਟਨਾ ਦੇ ਇਕਾ-ਦੁੱਕਾ ਜਿਉਂਦੇ ਤੇ ਐਨ ਬਾਕੀ ਸਭ ਮੋਏ ਪਾਤਰਾਂ ਨੂੰ ਪਰੇਸ਼ਾਨ ਕਾਹਦੇ ਲਈ ਕਰਨਾ ਹੋਇਆ। ਨਾਲੇ ਆਪਣਾ ਮਤਲਬ ਗੱਲ ਤੱਕ ਹੈ, ਗੱਲ ਦੇ ਪਾਤਰਾਂ ਤੱਕ ਨਹੀਂ।) ਨੇ ਫੈਸਲਾ ਕੀਤਾ ਕਿ ਸਾਹਿਤ ਸਭਾਵਾਂ ਲਈ ਏਨੇ ਸਹਾਈ ਰਹਿਣ ਵਾਲੇ ਚੱਕਰਵਰਤੀ ਜੀ ਨੂੰ, ਜੋ ਵੱਡੇ ਸਾਹਿਤਕਾਰ ਵੀ ਹਨ, ਅਭਿਨੰਦਨ ਗ੍ਰੰਥ ਭੇਟ ਕੀਤਾ ਜਾਵੇ। ਚੱਕਰਵਰਤੀ ਜੀ ਨੂੰ ਇਸ ਫੈਸਲੇ ਦੀ ਇਤਲਾਹ ਦੇ ਕੇ ਉਹਨਾਂ ਲੇਖਕਾਂ ਦੇ ਨਾਂ ਵੀ ਪੁੱਛ ਲਏ ਗਏ ਜਿਹੜੇ ਉਹਨਾਂ ਬਾਰੇ ਲੇਖ ਲਿਖ ਸਕਦੇ ਸਨ। ਅਭਿਨੰਦਨ ਗ੍ਰੰਥ ਵਿਚ ਉਹਨਾਂ ਦਾ ਬੱਸ ਏਨਾ ਹੀ ਹੱਥ ਸੀ। ਦਾਤਾ ਜੀ ਵੱਲੋਂ ਉਹਨਾਂ ਤੋਂ ਹੀ ਗ੍ਰੰਥ ਤਿਆਰ ਕਰਵਾਏ ਜਾਣ ਅਤੇ ਉਹਨਾਂ ਤੋਂ ਹੀ ਖ਼ਰਚ ਕਰਵਾਏ ਜਾਣ ਦਾ ਸੱਚ ਨਾਲ ਕੋਈ ਵਾਸਤਾ ਨਹੀਂ।

ਸਭਾ ਨੇ ਸੰਪਾਦਕ-ਮੰਡਲ ਤੋਂ ਗ੍ਰੰਥ ਤਿਆਰ ਕਰਵਾ ਕੇ ਜਿਸ ਬੰਦੇ ਨੂੰ ਮਾਇਆ ਸੌਂਪ ਕੇ ਛਪਵਾਉਣ ਦਾ ਜ਼ਿੰਮਾ ਦਿੱਤਾ, ਉਹਨੇ ਆਪਣੀ ਚਤੁਰਾਈ ਨੂੰ ਅਸਲ ਨਾਲੋਂ ਵੱਧ ਆਂਕ ਲਿਆ। ਉਹਨੇ ਪੈਸਿਆਂ ਨਾਲ ਆਪਣੀ ਕੋਈ ਅਚਾਨਕ ਆ ਪਈ ਨਿੱਜੀ ਲੋੜ ਇਹ ਸੋਚ ਕੇ ਪੂਰੀ ਕਰ ਲਈ ਕਿ ਛਾਪੇ ਵਾਲਿਆਂ ਨਾਲ ਚੁਸਤੀ-ਚਲਾਕੀ ਵਰਤ ਕੇ ਇਕ ਕਾਪੀ ਲੈ ਆਵਾਂਗਾ ਤੇ ਮਗਰੋਂ ਦੀ ਗੱਲ ਮਗਰੋਂ ਦੇਖ ਲਈ ਜਾਵੇਗੀ।

ਜਦੋਂ ਉਹਨੇ ਇਹ ਜੁਗਤ ਵਰਤਣੀ ਚਾਹੀ, ਛਾਪੇ ਵਾਲੇ ਨੇ ਪੂਰੇ ਪੈਸੇ ਲਏ ਬਿਨਾਂ ਇਕ ਕਾਪੀ ਦੇਣ ਤੋਂ ਵੀ ਕੋਰਾ ਇਨਕਾਰ ਕਰ ਦਿੱਤਾ। ਉਹਦਾ ਕਹਿਣਾ ਸੀ, "ਮੈਨੂੰ ਪਤਾ ਹੈ, ਅਭਿਨੰਦਨ ਗ੍ਰੰਥ ਦੀ ਇਕੋ ਕਾਪੀ ਦਾ ਹੀ ਮੁੱਲ ਹੁੰਦਾ ਹੈ ਜੋ ਭੇਟ ਕੀਤੀ ਜਾਣੀ ਹੁੰਦੀ ਹੈ। ਬਾਕੀ ਤਾਂ ਸਭ ਮੁਫ਼ਤ ਵੰਡਣ ਵਾਲਾ ਮਾਲ ਹੁੰਦਾ ਹੈ। ਇਕ ਕਾਪੀ ਲੈਣ ਲਈ ਵੀ ਪੂਰੀ ਮਾਇਆ ਲਿਆਉ ਤੇ ਸਾਰੀਆਂ ਕਾਪੀਆਂ ਚੁੱਕੋ।"

ਉਹਨੇ ਵਾਪਸ ਆ ਕੇ ਦੱਸਿਆ ਤਾਂ ਜੋ ਝੰਜਟ-ਝਗੜਾ ਹੋਣਾ ਸੀ, ਉਹ ਤਾਂ ਹੋਇਆ ਹੀ, ਕੁਛ ਬੰਦੇ ਪਟਿਆਲੇ ਚੱਕਰਵਰਤੀ ਜੀ ਕੋਲ ਭੱਜੇ। ਉਹਨਾਂ ਨੇ ਸਭਾ ਵਾਲਿਆਂ ਦੀ ਮੁਸ਼ਕਿਲ ਤਹੱਮਲ ਨਾਲ ਸੁਣੀ ਤੇ ਪਰੇਸ਼ਾਨ ਹੋਣ ਦੀ ਥਾਂ ਮੁਸਕਰਾ ਕੇ ਬੋਲੇ, "ਮੇਰੇ ਸਮਾਗਮ ਦੇ ਜੋ ਇਸ਼ਤਿਹਾਰ ਤੁਸੀਂ ਕੰਧਾਂ ਉੱਤੇ ਲਾਏ ਨੇ, ਦੂਹਰੇ ਕਰ ਕੇ ਉਹ ਪੂਰੇ ਅਭਿਨੰਦਨ ਗ੍ਰੰਥ ਦੇ ਆਕਾਰ ਦੇ ਹੋ ਜਾਂਦੇ ਨੇ। ਬਾਕੀ ਬਚੇ ਹੋਏ ਇਸ਼ਤਿਹਾਰ ਦੂਹਰੇ ਕਰੋ ਤੇ ਦੋਵੇਂ ਪਾਸੀਂ ਗੱਤੇ ਰੱਖ ਕੇ ਗੋਟੇ ਨਾਲ ਚੰਗੀ ਤਰ੍ਹਾਂ ਲਪੇਟ ਕੇ ਮੈਨੂੰ ਭੇਟ ਕਰ ਦਿਉ।"

ਸਮਾਗਮ ਵਿਚ ਸਭਾ ਵਾਲਿਆਂ ਨੇ ਸਰੋਤਿਆਂ ਨੂੰ ਦੱਸਿਆ ਕਿ ਛਾਪਾਖਾਨੇ ਦੀ ਅਣਗਹਿਲੀ ਕਾਰਨ ਕੱਲ੍ਹ ਇਕ ਜਿਲਦ ਬੜੀ ਮੁਸ਼ਕਿਲ ਨਾਲ ਤਿਆਰ ਕਰਵਾ ਕੇ ਲਿਆਂਦੀ ਹੈ ਤੇ ਬਾਕੀ ਸਭ ਲੇਖਕਾਂ ਨੂੰ ਗ੍ਰੰਥ ਛੇਤੀ ਹੀ ਡਾਕ ਰਾਹੀਂ ਪੁਜਦਾ ਕਰ ਦਿੱਤਾ ਜਾਵੇਗਾ। ਸਮਾਗਮ ਦੀ ਪ੍ਰਧਾਨਗੀ ਗਿਆਨੀ ਲਾਲ ਸਿੰਘ ਕਰ ਰਹੇ ਸਨ ਤੇ ਉਹਨਾਂ ਨੇ ਚੱਕਰਵਰਤੀ ਜੀ ਦੀ ਵਿਦਵਤਾ ਤੇ ਸਾਹਿਤਕਤਾ ਦੇ ਨਾਲ-ਨਾਲ ਉਹਨਾਂ ਦੇ ਸੁਹਿਰਦ ਸੁਭਾਅ ਦੀ ਭਰਪੂਰ ਪ੍ਰਸੰਸਾ ਕਰ ਕੇ ਅਭਿਨੰਦਨ ਗ੍ਰੰਥ ਭੇਟ ਕਰ ਦਿੱਤਾ। ਦਰਸ਼ਕਾਂ-ਸਰੋਤਿਆਂ ਨੇ ਖ਼ੂਬ ਤਾੜੀਆਂ ਮਾਰੀਆਂ। ਚੱਕਰਵਰਤੀ ਜੀ ਨੇ ਲੱਛੇਦਾਰ ਧੰਨਵਾਦੀ ਭਾਸ਼ਨ ਦਿੱਤਾ। ਗਿਆਨੀ ਲਾਲ ਸਿੰਘ ਕਹਿਣ ਲੱਗੇ, "ਸੰਤ ਜੀ, ਲਿਆਉ ਉਛਾੜ ਉਤਾਰ ਕੇ ਸਭ ਨੂੰ ਇਹਦੇ ਦਰਸ਼ਨ ਕਰਵਾ ਦੇਈਏ।"

ਹੋਰ ਕੋਈ ਹੁੰਦਾ, ਅਚਾਨਕ ਆਈ ਇਸ ਮੁਸੀਬਤੀ ਫ਼ਰਮਾਇਸ਼ ਨਾਲ ਘਬਰਾ ਜਾਂਦਾ, ਪਰ ਚੱਕਰਵਰਤੀ ਜੀ ਤਾਂ ਚੱਕਰਵਰਤੀ ਜੀ ਸਨ। ਉਹ ਮਾਈਕ ਦੇ ਨੇੜੇ ਹੋ ਕੇ ਕਹਿਣ ਲੱਗੇ, "ਮੈਨੂੰ ਸਭਾ ਦੀ ਇਸ ਸਮੱਸਿਆ ਦਾ ਪਤਾ ਨਹੀਂ ਸੀ।

ਇਸ ਲਈ ਮੈਂ ਕਸੂਤੀ ਹਾਲਤ ਵਿਚ ਫਸ ਗਿਆ ਹਾਂ। ਦਰਸ਼ਕਾਂ ਤੇ ਅਭਿਨੰਦਨ ਗ੍ਰੰਥ ਦੇ ਦਰਸ਼ਨਾਂ ਵਿਚਕਾਰ ਮੇਰੀ ਸਹੁੰ ਆ ਖਲੋਤੀ ਹੈ।" ਉਹਨਾਂ ਨੇ ਕਹਾਣੀ ਘੜੀ ਕਿ ਇਸ ਸ਼ੁਭ ਮੌਕੇ ਉਹਨਾਂ ਦੇ ਪਰਿਵਾਰ ਦੇ ਜੀਆਂ ਨੇ ਨਾਲ ਆਉਣਾ ਸੀ ਪਰ ਅਚਾਨਕ ਆ ਪਈ ਇਕ ਸਮਾਜਕ ਰੁਕਾਵਟ ਨੇ ਉਹਨਾਂ ਨੂੰ ਰੋਕ ਲਿਆ। "ਪਰ ਉਹਨਾਂ ਨੇ ਮੈਥੋਂ ਸਹੁੰ ਪੁਆ ਕੇ ਬਚਨ ਲਿਆ ਕਿ ਜੋ ਕੁਛ ਵੀ ਮੈਨੂੰ ਪ੍ਰਾਪਤ ਹੋਵੇਗਾ, ਉਹ ਸਾਰਾ ਉਸੇ ਤਰ੍ਹਾਂ ਘਰ ਲਿਆਉਣਾ ਹੋਵੇਗਾ, ਜਿਸ ਨੂੰ ਸਾਰਾ ਪਰਿਵਾਰ ਮਿਲ-ਬੈਠ ਕੇ ਖੋਲ੍ਹੇਗਾ। ਉਹਨਾਂ ਨੇ ਇਥੋਂ ਤੱਕ ਪੱਕਾ ਕੀਤਾ ਕਿ ਫੁੱਲਾਂ ਦਾ ਹਾਰ ਵੀ ਛੱਡ ਕੇ ਨਹੀਂ ਆਉਣਾ ਹੋਵੇਗਾ।... ਇਸ ਮਜਬੂਰੀ ਕਰ ਕੇ ਮੈਂ ਇਸ ਨੂੰ ਖੋਲ੍ਹ ਨਹੀਂ ਸਕਦਾ।" ਤੇ ਉਹਨਾਂ ਨੇ 'ਅਭਿਨੰਦਨ ਗ੍ਰੰਥ' ਸੰਭਾਲ ਕੇ ਆਪਣੇ ਬੈਗ ਵਿਚ ਪਾ ਲਿਆ ਤੇ ਬੈਗ ਨੂੰ ਬੁੱਕਲ ਵਿਚ ਘੁੱਟ ਲਿਆ!

ਰੱਬ ਜਾਣੇ, ਪਟਿਆਲੇ ਦੇ ਰਾਹ ਵਿਚ ਜਾਂ ਮਗਰੋਂ ਕਦੀ ਉਹਨਾਂ ਨੇ ਇਹ ਗੁੱਝੀ ਗੱਲ ਗਿਆਨੀ ਲਾਲ ਸਿੰਘ ਨਾਲ ਸਾਂਝੀ ਕੀਤੀ ਜਾਂ ਨਹੀਂ!

ਇਹ ਦੂਜਾ ਕਿੱਸਾ ਮੈਂ ਉਹਨਾਂ ਦੇ ਮੂੰਹੋਂ ਬਰਨਾਲਾ ਸਭਾ ਦੇ ਇਕ ਸਾਹਿਤਕ ਸਮਾਗਮ ਤੋਂ ਮਗਰੋਂ ਮਿਲਣ-ਗਿਲਣ ਲਈ ਜੁੜ ਬੈਠੇ ਲੇਖਕਾਂ ਵਿਚ ਆਪ ਸੁਣਿਆ ਹੋਇਆ ਹੈ।

ਉਹਨਾਂ ਦੀ ਪੁਸਤਕ 'ਪੂਰਬ ਪੱਛਮ' ਕਿਸੇ ਕੋਰਸ ਵਿਚ ਲੱਗ ਗਈ। ਹੱਥੀਂ ਅੱਖਰ-ਜੜ੍ਹਤ ਨਾਲ ਪੁਸਤਕਾਂ ਛਾਪਣ ਦਾ ਜ਼ਮਾਨਾ ਸੀ ਜੋ ਕੰਪਿਊਟਰੀ ਛਪਾਈ ਦੇ ਮੁਕਾਬਲੇ ਬਹੁਤ ਜ਼ਿਆਦਾ ਮਿਹਨਤ ਮੰਗਦਾ ਸੀ। ਉਸ ਛਪਾਈ ਵਿਚ ਤਾਂ ਪਰੂਫ਼ ਕੱਢਣੇ ਵੀ ਖਾਸਾ ਔਖਾ ਕੰਮ ਹੁੰਦਾ ਸੀ। ਇਹ ਸਾਰਾ ਝੰਜਟ ਹਰ ਛਾਪ ਵੇਲੇ ਕਰਨਾ ਪੈਂਦਾ ਸੀ। ਪੁਸਤਕ ਕੋਰਸ ਵਿਚ ਲੱਗੀ ਤਾਂ ਪ੍ਰਕਾਸ਼ਕ ਨੂੰ ਨਵੀਂ ਛਾਪ ਦੀ ਲੋੜ ਪਈ। ਸੰਤ ਜੀ ਨੇ ਤਿੰਨ ਵਾਰ ਪਰੂਫ਼ ਪੜ੍ਹ-ਸੋਧ ਕੇ ਛਾਪ ਲੈਣ ਲਈ ਕਹਿ ਦਿੱਤਾ।

ਉਹਨੀਂ ਦਿਨੀਂ ਉਹਨਾਂ ਨੇ ਕੁਛ ਦਿਨਾਂ ਲਈ ਕਿਤੇ, ਸ਼ਾਇਦ ਉੱਤਰ ਪ੍ਰਦੇਸ਼ ਵਿਚ, ਜਾਣਾ ਸੀ। ਜਦੋਂ ਉਹ ਵਾਪਸ ਆ ਰਹੇ ਸਨ, ਕਰਨਾਲ ਦੇ ਸਟੇਸ਼ਨ ਤੋਂ ਇਕ ਮੁੰਡਾ ਚੜ੍ਹਿਆ ਤੇ ਸਬੱਬ ਨਾਲ ਚੱਕਰਵਰਤੀ ਜੀ ਦੇ ਸਾਹਮਣੇ ਆ ਬੈਠਾ। ਗੱਡੀ ਚੱਲੀ ਤਾਂ ਉਹਨੇ ਥੈਲੇ ਵਿਚੋਂ 'ਪੂਰਬ ਪੱਛਮ' ਕੱਢੀ ਤੇ ਪੜ੍ਹਨ ਲੱਗ ਪਿਆ। ਚੱਕਰਵਰਤੀ ਜੀ ਨੂੰ ਪੁਸਤਕ ਛਪੀ ਜਾਣ ਕੇ ਖ਼ੁਸ਼ੀ ਹੋਈ ਤੇ ਉਹਨਾਂ ਦਾ ਜੀਅ ਉਹਨੂੰ ਫਰੋਲ ਕੇ ਦੇਖਣ ਨੂੰ ਕਾਹਲਾ ਪੈ ਗਿਆ। ਉਹ ਕਹਿਣ ਲੱਗੇ, "ਕਾਕਾ, ਇਹ ਪੋਥੀ ਤਾਂ ਦੇਈਂ।" ਮੁੰਡਾ ਬੋਲਿਆ, "ਬਾਬਾ, ਇਹ ਤੇਰੇ ਸਮਝ ਆਉਣ ਵਾਲੀ ਨਹੀਂ।" ਚੱਕਰਵਰਤੀ ਜੀ ਨੇ ਕਿਹਾ, "ਭਾਈ, ਪੋਥੀ ਦੇ ਤਾਂ ਦਰਸ਼ਨ ਕੀਤੇ ਹੀ ਭਲੇ। ਸਮਝ ਨਾ ਆਉ, ਦਰਸ਼ਨ ਹੀ ਸਹੀ।"

ਮੁੰਡੇ ਨੇ ਪੁਸਤਕ ਦੇ ਦਿੱਤੀ। ਚੱਕਰਵਰਤੀ ਜੀ ਨੇ ਫਰੋਲ-ਫਰਾਲ ਕੇ, ਉਲਟ-ਪਲਟ ਕੇ ਦੇਖੀ ਅਤੇ ਠੀਕ ਸੋਹਣੀ ਛਪੀ ਹੋਣ ਦੀ ਤਸੱਲੀ ਕਰ ਕੇ ਮੋੜ ਦਿੱਤੀ। ਪੁਸਤਕ ਫੜਦਿਆਂ ਮੁੰਡੇ ਨੇ 'ਬਾਬੇ' ਤੋਂ ਉਹਦੀ ਰਿਹਾਇਸ਼ ਤੇ ਕੰਮ-ਧੰਦੇ ਬਾਰੇ ਪੁੱਛ ਲਿਆ।

ਚੱਕਰਵਰਤੀ ਜੀ ਨੇ ਦੱਸਿਆ, "ਮੈਂ ਤਾਂ ਭਾਈ ਪਟਿਆਲੇ ਰਹਿੰਦਾ ਹਾਂ ਤੇ ਉਥੇ ਲੌਂਗੂਆਲ ਮਹਿਕਮੇ ਵਿਚ ਕੰਮ ਕਰਦਾ ਹਾਂ।" (ਇਕ-ਦੋ ਥਾਂ ਉਹਨਾਂ ਦੇ ਮੂੰਹੋਂ 'ਲੌਂਢੂਆਲ' ਕਹਾਇਆ ਮੇਰੇ ਨਜ਼ਰ ਪਿਆ ਹੈ। ਮੈਂ 'ਲੌਂਗੂਆਲ' ਉਹਨਾਂ ਦੇ ਆਪਣੇ ਮੂੰਹੋਂ ਸੁਣਿਆ ਹੈ। ਇਹ ਸ਼ਬਦ ਵੈਸੇ ਵੀ ਲੈਂਗੂਏਜ ਦੇ ਨੇੜੇ ਹੈ।)

ਮੁੰਡੇ ਨੇ ਮਨ ਦੀ ਨਜ਼ਰ ਫੇਰੀ ਪਰ 'ਲੌਂਗੂਆਲ' ਮਹਿਕਮਾ ਉਹਦੀ ਪਕੜ ਵਿਚ ਨਾ ਆਇਆ। ਉਹ ਹੈਰਾਨ ਹੋਇਆ, "ਬਾਬਾ, ਇਸ ਨਾਂ ਦਾ ਤਾਂ ਮਹਿਕਮਾ ਕੋਈ ਨਹੀਂ।... ਉਥੇ ਕੰਮ ਕੀ ਹੁੰਦਾ ਹੈ?" ਚੱਕਰਵਰਤੀ ਜੀ ਨੇ ਦੱਸਿਆ, "ਪੋਥੀਆਂ ਛਪਦੀਆਂ ਨੇ, ਰਸਾਲੇ ਛਪਦੇ ਨੇ।" ਮੁੰਡੇ ਨੂੰ ਚਾਨਣ ਹੋ ਗਿਆ, "ਲੌਂਗੂਆਲ ਮਹਿਕਮਾ ਨਹੀਂ, ਬਾਬਾ, ਲੈਂਗੂਏਜ ਮਹਿਕਮਾ।" ਉਹ ਬੋਲੇ, "ਹਾਂ, ਓਹੀ, ਓਹੀ!" ਮੁੰਡੇ ਦਾ ਉਹਨਾਂ ਤੋਂ ਕੰਮ ਪੁੱਛਣਾ ਸੁਭਾਵਿਕ ਸੀ ਅਤੇ ਚੱਕਰਵਰਤੀ ਜੀ ਨੇ ਆਪਣਾ ਚਪੜਾਸੀਆਂ ਦਾ ਜਮਾਂਦਾਰ ਹੋਣਾ ਦੱਸ ਦਿੱਤਾ। ਪਰ ਮੁੰਡੇ ਦੀ ਤਸੱਲੀ ਅਜੇ ਵੀ ਨਹੀਂ ਸੀ ਹੋ ਰਹੀ, "ਬਾਬਾ, ਹੁਣ ਤਾਂ ਚਪੜਾਸੀ ਵੀ ਪੜ੍ਹੇ ਹੋਏ ਰੱਖੇ ਜਾਂਦੇ ਨੇ। ਤੂੰ ਉਹਨਾਂ ਦਾ ਇੰਚਾਰਜ ਕਿਵੇਂ ਲੱਗ ਗਿਆ?"

ਚੱਕਰਵਰਤੀ ਜੀ ਨੇ ਹਉਕਾ ਲਿਆ, "ਬਹੁਤ ਦਰਦ-ਭਰੀ ਕਹਾਣੀ ਹੈ। ਕਾਕਾ। ਕਿਸੇ ਸਮੇਂ ਮੈਂ ਵੀ ਮਹਿਲਾਂ ਵਿਚ ਰਹਿੰਦਾ ਤੇ ਮੌਜ ਕਰਦਾ ਸੀ।... ਮਹਾਰਾਜਾ ਪਟਿਆਲਾ ਨੇ ਆਪਣੇ ਬੱਚਿਆਂ ਨੂੰ ਬਾਣੀ ਦੇ ਪਾਠ ਦੀ ਸਿਖਲਾਈ ਲਈ ਰੱਖਿਆ ਹੋਇਆ ਸੀ। ਖੁੱਲ੍ਹੀ ਤਨਖ਼ਾਹ, ਮਹਿਲ ਵਿਚ ਹੀ ਨਿਵਾਸ ਮਿਲਿਆ ਹੋਇਆ ਤੇ ਉਥੋਂ ਹੀ ਮੇਰਾ ਭੋਜਨ ਆਉਂਦਾ ਸੀ, ਛੱਤੀ ਪ੍ਰਕਾਰ ਦੇ ਪਦਾਰਥ।... ਕਰਨੀ ਰੱਬ ਦੀ, ਰਿਆਸਤਾਂ ਟੁੱਟ ਗਈਆਂ। ਕੁਛ ਮਹੀਨੇ ਤਾਂ ਕੰਮ ਚਲਦਾ ਰਿਹਾ, ਫੇਰ ਮਹਾਰਾਜਾ ਸਾਹਿਬ ਮੈਨੂੰ ਬੁਲਾ ਕੇ ਕਹਿਣ ਲੱਗੇ, 'ਪਾਠੀ ਜੀ, ਤੁਹਾਨੂੰ ਹਾਲਤ ਦਾ ਪਤਾ ਹੀ

ਹੈ। ਰਿਆਸਤ ਖ਼ਤਮ ਹੋ ਗਈ। ਹੋਰ ਕੋਈ ਕੰਮ ਅਸੀਂ ਕਰ ਨਹੀਂ ਸਕਦੇ। ਨਾ ਕੋਈ ਕੰਮ ਆਉਂਦਾ ਹੈ ਤੇ ਨਾ ਸਾਡੀ ਸ਼ਾਨ ਕੋਈ ਕੰਮ ਕਰਨ ਦੀ ਇਜਾਜ਼ਤ ਦਿੰਦੀ ਹੈ। ਹੁਣ ਸਾਨੂੰ ਆਪਣੇ ਪਰਿਵਾਰ ਦੇ ਰੋਟੀ-ਪਾਣੀ ਦੀ ਚਿੰਤਾ ਹੋਣ ਲੱਗੀ ਹੈ। ਤੁਹਾਨੂੰ ਤਨਖ਼ਾਹ ਦੇਣਾ ਸਾਡੇ ਲਈ ਮੁਸ਼ਕਿਲ ਹੈ। ਫੇਰ ਉਹ ਮੇਰਾ ਉੱਤਰਿਆ ਮੂੰਹ ਦੇਖ ਕੇ ਕਹਿਣ ਲੱਗੇ, 'ਪਰ ਤੁਸੀਂ ਉਦਾਸ ਨਾ ਹੋਵੋ, ਮੈਂ ਤੁਹਾਡੇ ਲਈ ਕੰਮ ਲੱਭ ਦਿੱਤਾ ਹੈ। ਜੇ ਤੁਸੀਂ ਪੜ੍ਹੇ-ਲਿਖੇ ਹੁੰਦੇ, ਉਹੋ ਜਿਹਾ ਕੰਮ ਮਿਲ ਜਾਂਦਾ। ਹੁਣ ਨੌਕਰੀ ਤਾਂ ਤੁਹਾਡੀ ਚਪੜਾਸੀਆਂ ਦੇ ਜਮਾਂਦਾਰ ਦੀ ਹੋਵੇਗੀ ਪਰ ਤਨਖ਼ਾਹ ਪਰਿਵਾਰ ਦਾ ਪੇਟ ਭਰਨ ਜੋਗੀ ਮਿਲ ਜਾਵੇਗੀ। ਕੰਮ ਤੁਸੀਂ ਕੁਛ ਨਹੀਂ ਕਰਨਾ ਹੋਵੇਗਾ। ਬੱਸ ਹਾਜ਼ਰੀ ਦੇਣੀ ਹੀ ਸਮਝੋ।... ਇਉਂ ਭਾਈ ਮਹਾਰਾਜਾ ਸਾਹਿਬ ਦੀ ਕਿਰਪਾ ਨਾਲ ਅੰਨ-ਪਾਣੀ ਚੱਲੀ ਜਾਂਦਾ ਹੈ।"

ਮੁੰਡੇ ਨੇ ਇਕ ਕਲਰਕ ਦਾ ਨਾਂ ਲਿਆ ਕਿ ਉਹਦਾ ਮਿੱਤਰ ਅਮਕਾ ਸਿਉਂ ਉਥੇ ਕੰਮ ਕਰਦਾ ਹੈ। ਚੱਕਰਵਰਤੀ ਜੀ ਬੋਲੇ, "ਉਹ ਤਾਂ ਭਾਈ ਸਾਡੇ ਅਫ਼ਸਰ ਹੋਏ।"

ਕੁਛ ਹਫ਼ਤਿਆਂ ਮਗਰੋਂ ਮੁੰਡੇ ਨੂੰ ਉਹਦਾ ਦੋਸਤ ਮਿਲ ਪਿਆ। ਗੱਲਾਂ ਕਰਦਿਆਂ ਉਹਨੇ ਦੱਸਿਆ ਕਿ ਉਹਨਾਂ ਦਾ ਚਪੜਾਸੀਆਂ ਦਾ ਜਮਾਂਦਾਰ ਉਹਨੂੰ ਗੱਡੀ ਵਿਚ ਮਿਲਿਆ ਸੀ ਤੇ ਬੜੀਆਂ ਦਿਲਚਸਪ ਗੱਲਾਂ ਕਰਦਾ ਸੀ। ਹੈਰਾਨ ਹੋਏ ਕਲਰਕ ਨੇ 'ਚਪੜਾਸੀਆਂ ਦੇ ਜਮਾਂਦਾਰ' ਦੀ ਪਛਾਣ ਪੁੱਛੀ ਤੇ ਸਾਰਾ ਮਾਜਰਾ ਸਮਝ ਕੇ ਉਹ ਬੋਲਿਆ, "ਮੂਰਖ਼ ਬੰਦਿਆ, ਉਹ ਸੰਤ ਇੰਦਰ ਸਿੰਘ ਚੱਕਰਵਰਤੀ ਸਨ!"

ਅਗਲੇ ਦਿਨ ਉਹ ਮੁੰਡਾ ਉਚੇਚਾ ਇਹਨਾਂ ਨੂੰ ਮਿਲਣ ਪਟਿਆਲੇ ਆਇਆ ਤੇ ਉਹਨੇ ਪੈਰ ਛੋਹ ਕੇ ਮਾਫ਼ੀ ਮੰਗੀ। ਚੱਕਰਵਰਤੀ ਜੀ ਕਹਿੰਦੇ, "ਭਾਈ, ਤੂੰ ਮੈਨੂੰ ਅਣਪੜ੍ਹ ਸਮਝਿਆ ਸੀ ਜਿਸ ਨੂੰ ਆਪਣੀ ਹੀ ਪੁਸਤਕ ਸਮਝ ਨਹੀਂ ਸੀ ਆਉਣੀ। ਮੈਂ ਸੋਚਿਆ, ਤੇਰਾ ਭਰਮ ਕਿਉਂ ਤੋੜਨਾ ਹੈ।" ਅਜਿਹੇ ਮੌਜੀ ਮਨੁੱਖ, ਵੱਡੇ ਸਾਹਿਤਕਾਰ, ਪੱਕੇ ਨਾਮਧਾਰੀ ਤੇ ਅਡੋਲ ਦੇਸਭਗਤ ਸਨ ਸੰਤ ਇੰਦਰ ਸਿੰਘ ਚੱਕਰਵਰਤੀ!

.............................................................

## ਸਤਿਗੁਰੂ ਪਰਤਾਪ ਸਿੰਘ ਜੀ....

ਆਪ ਜੀ ਦੀ ਸਰਪ੍ਰਸਤੀ ਵਿੱਚ 'ਸਤਿਜੁਗ' ਦੇ ਬਸੰਤ ਅੰਕ ਵਿਸ਼ੇਸ਼ ਤੌਰ ਤੇ ਪੰਜਾਬੀ ਪਾਠਕਾਂ ਲਈ ਅਨਮੋਲ ਸੁਗਾਤਾਂ ਸਨ। ਸਾਹਿਤਕਾਰਾਂ ਅਤੇ ਕਲਾਕਾਰਾਂ ਦੀ ਸਰਪ੍ਰਸਤੀ ਕਰਨਾ ਗੁਰੂ ਘਰ ਦੀ ਸਦਾ ਰਵਾਇਤ ਬਣੀ ਰਹੀ ਹੈ। ਸਤਿਗੁਰੂ ਪਰਤਾਪ ਸਿੰਘ ਜੀ ਨੇ ਵੀ ਇਸੇ ਪਰੰਪਰਾ ਨੂੰ ਹੋਰ ਵਿਕਸਿਤ ਕਰਨ ਵਿੱਚ ਵੱਡਮੁੱਲਾ ਹਿੱਸਾ ਪਾਇਆ। ਪ੍ਰਸਿੱਧ ਸਿੱਖ ਇਤਿਹਾਸ ਲੇਖਕ ਗਿਆਨੀ ਗਿਆਨ ਸਿੰਘ ਦਾ ਉਚੇਚੇ ਤੌਰ ਤੇ ਸਨਮਾਨ ਕੀਤਾ।

**ਵੱਡੇ ਸਮਾਜ ਸੁਧਾਰਕ**

ਸਤਿਗੁਰੂ ਪਰਤਾਪ ਸਿੰਘ ਜੀ 20ਵੀਂ ਸਦੀ ਦੇ ਪ੍ਰਮੁੱਖ ਸਮਾਜ-ਸੁਧਾਰਕਾਂ ਵਿੱਚੋਂ ਸਨ। ਆਪ ਜੀ ਦੀ ਇੱਕ ਵੱਡੀ ਦੇਣ ਵਿਆਹ ਸ਼ਾਦੀਆਂ ਤੇ ਮੰਗਣੀ ਦੀਆਂ ਖਰਚੀਲੀਆਂ ਰਸਮਾਂ-ਰੀਤਾਂ ਦੀ ਥਾਂ ਨਵੀਆਂ ਸਮੂਹਿਕ ਸ਼ਾਦੀਆਂ ਨੂੰ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਕਰਨ ਦਾ ਰਿਵਾਜ ਪਾਇਆ। ਨਾਮਧਾਰੀ ਗੁਰਸਿੱਖਾਂ ਦੇ ਵਿਆਹ ਤੇਰਾਂ ਰੁਪਏ ਵਿੱਚ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਕੀਤੇ ਜਾਂਦੇ ਹਨ। ਇੱਥੋਂ ਤੱਕ ਕਿ ਆਪ ਜੀ ਨੇ ਅਨੰਦ ਕਾਰਜ ਲਈ ਉਨ੍ਹਾਂ ਜੋੜਿਆਂ ਨੂੰ ਹੀ ਪ੍ਰਵਾਨਗੀ ਦਿੱਤੀ ਸੀ, ਜੋ ਗੁਰਮੁਖੀ ਅੱਖਰਾਂ ਦੀ ਜਾਣ-ਪਛਾਣ ਰਖਦੇ ਸਨ ਅਤੇ ਪੰਜਾਬੀ ਭਾਸ਼ਾ ਲਿਖ ਪੜ੍ਹ ਸਕਦੇ ਸਨ। ਮੰਗਣੇ ਤੇ ਮੁਕਲਾਵੇ ਦੇ ਰਿਵਾਜ ਬਿਲਕੁਲ ਬੰਦ ਕਰਵਾ ਦਿੱਤੇ ਸਨ। ਅਨੰਦ ਕਾਰਜ ਤੋਂ ਪਿਛੋਂ 15 ਦਿਨ ਲੜਕੀ ਨੂੰ ਸਹੁਰੇ ਘਰ ਵਿੱਚ ਰਹਿਣਾ ਜ਼ਰੂਰੀ ਕਰਾਰ ਦੇ ਦਿੱਤਾ। ਬੀਬੀਆਂ ਨੂੰ ਜਪ ਪ੍ਰਯੋਗ ਦੇ ਦਿਨਾਂ ਵਿੱਚ ਸ਼ਾਮਿਲ ਹੋ ਸਕਣ ਦੀ ਖੁੱਲ੍ਹ ਤਾਂ ਆਪ ਜੀ ਨੇ ਮਾਤਾ ਭੁਪਿੰਦਰ ਕੌਰ ਦੀ ਬੇਨਤੀ ਉੱਤੇ ਹੀ ਪ੍ਰਵਾਨ ਕਰ ਲਈ ਸੀ। ਨਾਮਧਾਰੀ ਸਮਾਜ ਵਿੱਚੋਂ ਇਸਤਰੀ ਜਾਤੀ ਦੇ ਘੁੰਡ ਕੱਢਣ ਦਾ ਰਿਵਾਜ ਹਟਾ ਦਿੱਤਾ। ਵਿਆਹ ਸ਼ਾਦੀਆਂ ਸਮੇਂ ਸਮਾਜ ਵੱਲੋਂ ਅੰਤਰਜਾਤੀ ਵਿਆਹ ਦਾ ਰਿਵਾਜ ਵੀ ਪ੍ਰਚਲੱਤ ਹੋਇਆ ਜਿਸ ਨਾਲ ਸਮਾਜ ਵਿੱਚ ਨਵੀਂ ਚੇਤਨਤਾ ਤੇ ਸਮੁੱਚੇ ਮਨੁੱਖੀ ਭਾਈਚਾਰੇ ਦੀ ਸਾਂਝ ਹੋਰ ਪੱਕੀ ਹੋ ਗਈ। 1909 ਈ. ਦੇ ਅਨੰਦ ਮੈਰਿਜ ਐਕਟ ਦੀ ਕਾਨੂੰਨੀ ਪ੍ਰਵਾਨਗੀ ਦੁਆਉਣ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਦਾ ਨਿੱਜੀ ਯੋਗਦਾਨ ਵੱਡੀ ਮਹੱਤਤਾ ਦਾ ਧਾਰਨੀ ਸੀ। ਇਸ ਕਾਨੂੰਨ ਦੇ ਪ੍ਰਵਾਨ ਹੋਣ ਤੋਂ ਨਾਮਧਾਰੀ ਪੰਥ ਵਿੱਚ 1863 ਈ. ਤੋਂ ਅਨੰਦ ਵਿਆਹ ਦੀ ਮਰਿਆਦਾ ਸਥਾਪਿਤ ਹੋ ਚੁੱਕੀ ਸੀ। ਅਨੰਦ ਮੈਰਿਜ ਐਕਟ ਨੂੰ ਕਾਨੂੰਨੀ ਹੈਸੀਅਤ ਦਿਵਾਉਣ ਵਿੱਚ ਸਤਿਗੁਰੂ ਪਰਤਾਪ ਸਿੰਘ ਜੀ ਵੱਲੋਂ ਪੇਸ਼ ਕੀਤਾ ਗਿਆ ਵੱਡਾ ਸਬੂਤ ਸਿੱਧ ਹੋਇਆ। ਗੁਰੂ ਕੇ ਦੀਵਾਨਾਂ ਵਿੱਚ ਸਮੂਹਿਕ ਸ਼ਾਦੀਆਂ ਦੀ ਇਹ ਪਰੰਪਰਾ ਹਾਲੀਂ ਵੀ ਸਭ ਲਈ ਇੱਕ ਆਦਰਸ਼ਕ ਉਦਾਹਰਣ ਹੈ, ਜੋ ਸਮੁੱਚੇ ਸਮਾਜ ਦਾ ਮਾਰਗ-ਦਰਸ਼ਨ ਕਰ ਸਕਦੀ ਹੈ।

.............................................................

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

**30 ਅਪ੍ਰੈਲ 1987, ਵੀਰਵਾਰ**

**ਜਲੰਧਰ**

ਮੈਂ ਕੱਲ੍ਹ ਦਾ ਦੋਹਤੀ ਸਰਬਜੀਤ ਨੂੰ ਲੈ ਕੇ ਕੰਗ ਅਰਾਈਆਂ ਦੇ ਆਣ ਉਤਰਿਆ ਸਾਂ। ਅੱਜ ਸਵੇਰੇ ਹੀ ਬੀਤੇ ਦੀਆਂ ਪੈੜਾਂ ਵੇਖਣ ਜਲੰਧਰ ਜਗਦੀਸ਼ ਸਿੰਘ ਨੇ ਆਣ ਉਤਰਿਆ। ਮੇਰਾ ਕੰਮ ਕੋਈ ਨਹੀਂ ਸੀ ਹੋਇਆ। ਜਗਦੀਸ਼ ਪਤਨੀ ਬਖ਼ਸ਼ੀਸ਼ ਨੇ ਦੱਸਿਆ: ਉਹ ਤਾਂ ਅਜੇ ਜੰਮੂਓਂ ਹੀ ਕੱਲ੍ਹ ਆਏ ਹਨ। ਸੰਤ ਜਗਤ ਸਿੰਘ ਜੀ ਜੰਮੂ ਦੇ ਭੋਗ ਵਾਸਤੇ ਅਸੀਂ ਦੋਵੇਂ ਜੀ ਜੰਮੂ ਗਏ ਸਾਂ। 22-4-87 ਨੂੰ ਇਹਨਾਂ ਦੇ ਭੋਗ ਵਾਲੇ ਦਿਨ ਹੀ ਸਵਰਗਵਾਸੀ ਸ. ਪ੍ਰੀਤਮ ਸਿੰਘ ਦੇ ਭਾਈ ਸ. ਕੁੰਦਨ ਸਿੰਘ ਦੀ ਪੁੱਤਰੀ ਬੀਬੀ ਕੁਲਦੀਪ ਕੌਰ ਏਸੇ ਰਾਤੀ 11 ਵਜੇ ਦਰਦ ਨਾਲ ਪੂਰੀ ਹੋਈ। ਜੋ ਰੋਹਤਕ ਵਿਆਹੀ ਹੋਈ ਸੀ। ਨਾ ਖੁਸ਼ ਜੀਵਨ ਦੇ ਹੀ ਵਿਵਾਹਤ ਸਾਲ ਬੀਤੇ। ਆਯੂ ਵਲੋਂ ਵੀ ਅਜੇ 34 ਸਾਲ ਦੀ ਸੀ। 3-4 ਮਹੀਨੇ ਪੇਕੇ ਰਹਿ ਕੇ ਹੀ ਸਰੀਰ ਤਿਆਗ ਗਈ।

ਸ. ਜਗਦੀਸ਼ ਸਿੰਘ ਨੂੰ ਮਿਲਿਆ ਤਾਂ ਉਸਨੇ ਸਤਿਗੁਰਾਂ ਦੇ ਬਚਨ ਯਾਦ ਕਰਵਾਏ ਜੁ ਉਹਨਾਂ ਵਲਾਇਤ ਅਤੇ ਅਫਰੀਕਾਂ ਦੌਰੇ ਤੋਂ ਵਾਪਸ ਆ ਸਾਡੇ ਨਾਲ ਭੈਣੀ ਸਾਹਿਬ ਕੀਤੇ ਸਨ। ਇਨ੍ਹਾਂ ਅਨੁਸਾਰ ਪਹਿਲਾਂ ਤਾਂ ਯੂ.ਕੇ. ਦੇ ਸ਼ਹਿਰ ਬਰਮਿੰਘਮ ਦੇ ਪ੍ਰਧਾਨ ਸ. ਏਕਮ ਸਿੰਘ ਦੇ ਬਹੁਤ ਬਿਰਧ ਹੋ ਜਾਣ ਕਾਰਨ ਉਸ ਨੂੰ ਛੁੱਟੀ ਦੇ ਕੇ ਸ. ਤਾਰਾ ਸਿੰਘ ਨੂੰ ਬਰਮਿੰਘਮ ਦੀ ਸੰਗਤ ਦਾ ਪ੍ਰਧਾਨ ਬਣਾ ਦਿੱਤਾ ਗਿਆ ਹੈ।

ਦੂਜੇ, ਕੀਨੀਆ ਦੇ ਪ੍ਰਧਾਨ ਸ. ਸਰਵਣ ਸਿੰਘ ਸੋਖੀ ਨੂੰ ਵੀ ਪਦ ਮੁਕਤ ਕੀਤਾ ਗਿਆ ਹੈ। ਇਹਨਾਂ ਵੀ ਆਪਣੀ ਇੱਛਾ ਅਨੁਸਾਰ ਪ੍ਰਧਾਨਗੀ ਤੋਂ ਛੁੱਟੀ ਲਈ ਹੈ। ਹੁਣ ਸੂਬਾ ਦਰਸ਼ਨ ਸਿੰਘ ਜੀ ਨੈਰੋਬੀ, ਦੇ ਸਾਥੀ ਤੇ ਸੇਵਕ ਸੰਤ ਹਰਭਜਨ ਸਿੰਘ ਚਾਨਾ ਨੂੰ ਪ੍ਰਧਾਨਗੀ ਬਖਸ਼ੀ ਗਈ ਹੈ। ਵਲਾਇਤ ਅਤੇ ਅਫਰੀਕਾ ਦਾ ਇਹ ਦੌਰਾ ਸ੍ਰੀ ਸਤਿਗੁਰੂ ਜੀ ਨੇ 27 ਮਾਰਚ 1987 ਤੋਂ 9 ਅਪ੍ਰੈਲ 1987 ਤੱਕ ਕੀਤਾ ਹੈ।

**2 ਮਈ 1987, ਸ਼ਨੀਵਾਰ**

**ਇਲਾਕਾ ਜੀਵਨ ਨਗਰ**

ਜਲੰਧਰੋਂ 30-4-87 ਨੂੰ ਹੀ ਮੈਂ ਜ਼ੀਰੇ ਫਿਰੋਜ਼ਪੁਰ ਦੇ ਦਰਮਿਆਨ ਲੋਹਗੜ੍ਹ ਰਹਿੰਦੀ ਲੜਕੀ ਅਵਿਨਾਸ਼ ਨੂੰ (ਕੁੜੀਆਂ ਵਿਚੋਂ ਵੱਡੀਓਂ ਛੋਟੀ) ਮਿਲਣ ਆਗਿਆ ਸਾਂ। ਏਥੇ ਹੀ ਸਾਰੀ ਰਾਤ ਵਾ ਹਨੇਰੀ ਬਰਸਾਤੀ ਮੌਸਮ ਨਾਲ ਏਨੀਂ ਠੰਢੀ ਰਹੀ ਕਿ ਚੇਤੇ ਨਹੀਂ ਕਦੇ ਸਵੇਰੇ ਨਾ ਨਹਾਤਾ ਹੋਵਾਂ ਪਰ ਅੱਜ ਤਾਂ ਮੇਰੀਆਂ ਹੱਡੀਆਂ ਤੇ ਨਸਾਂ ਤੱਕ ਨੂੰ ਠੰਢ ਵਿਆਪ ਗਈ, ਏਥੋਂ ਭੋਤੀਪੁਰ, ਮਜ਼ਦੂਰ ਜਮਾਤ ਲਈ ਮੁਬਾਰਕ ਦਿਨ ਪਹਿਲੀ ਮਈ ਨੂੰ ਜੀਰਾ, ਮੋਗਾ, ਸਮਾਧ, ਅਕਾਲੀ ਜਲਾਲ ਹੁੰਦੇ ਹੋਏ ਕੋਠੇ ਲਾਹੌਰੀਆਂ ਵਿਚ ਆਪਣੇ ਤੀਜੇ ਭਾਈ ਸ. ਹਰਭਜਨ ਸਿੰਘ ਸੰਧੂ ਨੂੰ ਮਿਲਣ ਆ ਗਿਆ। ਏਥੇ ਵੀ ਠੰਢੀ ਹਵਾ ਦੀਆਂ ਹਨੇਰੀਆਂ ਅਤੇ ਫਿਰ ਸੰਘਣੀ ਬਰਸਾਤ 1:30 ਤੋਂ 4:30 ਤੱਕ ਹੋਈ।

ਦਿੱਲੀ ਤੇ ਹਰਿਆਣੇ ਤੋਂ ਚੱਲਿਆਂ ਰਾਹ ਵਿਚ ਇਕੋ ਖੇਤ ਕਣਕ ਦਾ ਖਲੋਤਾ ਨਜ਼ਰ ਪਿਆ, ਨਹੀਂ ਤਾਂ ਬਹੁਤੀ ਕਣਕ

ਕਿਸਾਨਾਂ ਨੇ ਸੰਭਾਲ ਲਈ ਹੈ ਖੇਤ ਵਿਹਲੇ ਹੋਏ ਪਏ ਨੇ ਜਿਵੇਂ ਧਰਤੀ ਦੀ ਖੋਪਰੀ ਮੁੰਨ ਦਿੱਤੀ ਗਈ ਹੋਵੇ। ਬਹੁਤ ਬੱਲੀਆਂ ਕਣਕਾਂ ਦੀਆਂ ਮੰਡਲੀਆਂ ਜਾਂ ਭਰੀਆਂ ਅਜੇ ਥਰੈਸ਼ਰਾਂ ਦੀ ਉਡੀਕ ਵਿਚ ਸਨ। ਅੱਜ ਦੀ ਬਰਸਾਤ ਕਣਕ ਸੰਭਾਲ ਨੂੰ ਹੋਰ ਪਿਛੇ ਪਾ ਦੇਵੇਗੀ। ਐਤਕਾਂ ਕਣਕਾਂ ਦੇ ਝਾੜ ਬਹੁਤ ਘੱਟ ਨਿਕਲੇ ਹਨ। ਦੁਆਬੇ ਵਿਚ ਵੀ ਇਹੋ ਗੱਲ ਸੁਣੀ ਸੀ ਤੇ ਬਠਿੰਡੇ ਜ਼ਿਲ੍ਹੇ ਵਿਚ ਵੀ ਏਹੋ ਸ਼ਕਾਇਤ ਹੈ। ਉਂਝ ਅੱਜ ਦੀ ਬਰਸਾਤ ਤੋਂ ਪਹਿਲਾਂ ਕਿਸੇ ਤਰ੍ਹਾਂ ਫਸਲ ਨੂੰ ਨੁਕਸਾਨ ਪਹੁੰਚਣ ਵਾਲੀ ਕੋਈ ਚੀਜ਼ ਵਾਪਰੀ ਨਹੀਂ ਸੀ ਤਾਂ ਵੀ ਲੋਕ ਕਹਿੰਦੇ ਹਨ ਕਿ ਹਾੜੀ ਨੂੰ ਬੁੱਲਾ ਮਾਰ ਗਿਆ ਹੈ ਅੱਜ ਮੈਂ ਕੋਠੇ ਲਾਹੌਰੀਆਂ ਤੋਂ ਭਰਾ ਤੋਂ ਵਿਦਾ ਲੈ ਜੀਵਨ ਨਗਰ ਆ ਪਹੁੰਚਾ।

10:30 ਵਜੇ ਮੈਂ ਸੁਰਜੀਤ ਪੁਰ- ਬਾਲਾਖਾਨਾ, ਬਠਿੰਡਾ ਤੋਂ ਹੁੰਦਾ ਹੋਇਆ ਡਬਵਾਲੀ ਉਤਰਿਆ ਤਾਂ ਅੱਗੇ ਕਈ ਨਾਮਧਾਰੀਆਂ ਦੇ ਦਰਸ਼ਨ ਹੋਏ ਜਿਵੇਂ ਸੰਤ ਗੁਰਚਰਨ ਸਿੰਘ ਸਪੁੱਤਰ ਸੰਤ ਬਸੰਤ ਸਿੰਘ ਦਮਦਮਾ, ਸੰਤ ਮਹਿੰਦਰ ਸਿੰਘ ਸਪੁੱਤਰ ਸੰਤ ਨਿਧਾਨ ਸਿੰਘ ਦਮਦਮਾ ਅਤੇ ਸੰਤ ਗੁਰਚਰਨ ਸਿੰਘ ਸਪੱਤੁਰ ਸੰਤ ਦਿਆਲ ਸਿੰਘ ਵਰਨ ਸੰਤ ਨਗਰ। ਦਮਦਮੇ ਵਾਲਿਆਂ ਨਾਲ ਦੋ ਲੜਕੀਆਂ ਅਤੇ ਦੋ ਨਾਮਧਾਰੀ ਲਿਬਾਸ ਵਿਚ ਛੋਟੇ ਬੱਚੇ ਵੀ ਸਨ। ਸੰਤ ਮਹਿੰਦਰ ਸਿੰਘ ਤੋਂ ਪਤਾ ਲੱਗਾ ਕਿ ਬੱਚੇ (ਸੰਤ ਨਿਧਾਨ ਸਿੰਘ ਦਾ ਇਕ ਪੋਤਾ ਇਕ ਪੜਪੋਤਾ) ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਐਕਾਡਮੀ ਸਕੂਲ ਭੈਣੀ ਸਾਹਿਬ ਤੋਂ ਆਪਣੀਆਂ ਗੱਲਾਂ ਜਾਂ ਪਿਉਵਾਂ ਨਾਲ ਭੱਜ ਆਏ ਹਨ। ਮਹਿੰਦਰ ਸਿੰਘ ਨੇ ਕਿਹਾ, ਜਦ ਤੱਕ ਮਾਲਿਕ (ਸਤਿਗੁਰੂ ਜੀ ਤੇ ਮਾਤਾ ਸੀ) ਓਥੇ ਰਹੇ ਤਦ ਤੱਕ ਤਾਂ ਸੇਵਾ ਸੰਭਾਲ ਠੀਕ ਰਹੀ, ਫਿਰ ਇਕ ਮਾਈ ਪਾਸ 50 ਬੱਚੇ ਸੰਭਾਲਣ ਲਈ ਸਨ।

## 3 ਮਈ 1987. ਐਤਵਾਰ
## ਨਕੋੜਾ (ਸਿਰਸਾ)

ਮੈਂ ਸਵੇਰੇ ਹੀ ਨਕੋੜੇ ਲਈ ਬਸ ਫੜ ਲਈ। ਇਹ ਸਿਰਸੇ ਜਾਂਦੀ ਹੋਈ ਮੈਨੂੰ ਨਕੋੜੇ ਅੱਡੇ ਤੇ ਲਾਹ ਗਈ। ਮੈਨੂੰ ਦੱਸਿਆ ਗਿਆ ਸੀ ਓਥੋਂ ਨਕੋੜੇ ਲਈ ਰਿਕਸ਼ੇ ਮਿਲ ਜਾਣਗੇ ਪਰ ਸਵੇਰੇ 7 ਵਜੇ ਕਿਹੜਾ ਰਿਕਸ਼ੇ ਵਾਲਾ ਆ ਜਾਂਦਾ? ਖਾਲੀ ਹੱਥੀਂ ਹੋਣ ਕਰਕੇ ਮੈਂ ਪੋਣੇ ਦੋ ਕਿਲੋਮੀਟਰ ਦੀ ਸੜਕ ਮਾਪਣ ਦੀ ਠਾਣ ਲਈ। ਸੰਤਾਂ ਵਾਲੀ ਦਾ ਪੁਲ ਦਿਸਿਆ ਤਾਂ ਮੈਂ ਪਿੰਡ ਦੇ ਮੁੱਖੀ ਕੰਬੋ ਸਰਦਾਰ ਸ਼ਮਿੰਦਰ ਸਿੰਘ ਨੂੰ ਯਾਦ ਕੀਤਾ। ਉਹਨੂੰ ਪਤਾ ਲੱਗਦਾ ਤਾਂ ਕਹਿੰਦਾ: ਤੁਸੀਂ ਮੇਰੇ ਪਾਸ ਕਿਉਂ ਨਾ ਆਏ ਮੈਂ ਸਕੂਟਰ ਤੇ ਛੱਡ ਆਉਂਦਾ ਅਤੇ ਜਿਉਂ ਹੀ ਮੈਂ ਨਹਿਰ ਦਾ ਪੁਲ ਪਾਰ ਕੀਤਾ। ਸ. ਸ਼ਮਿੰਦਰ ਸਿੰਘ ਦਾਤਰੀ ਲਈ ਖਲੋਤਾ ਸੜਕ ਤੇ ਨਜ਼ਰ ਪਿਆ। "ਸਤਿ ਸ੍ਰੀ ਅਕਾਲ" ਦੇ ਨਾਲ ਹੀ ਖਿੜ ਉਠਿਆ: ਧੰਨਭਾਗ! ਤੁਸੀਂ ਅੱਜ ਏਥੇ ਕਿਵੇਂ?

ਮੈਂ ਹਕੀਕਤ ਦੱਸੀ ਤੇ ਨਾਲ ਹੀ ਕਿਹਾ ਕਿ ਉਸ ਬਹਾਨੇ ਮੈਨੂੰ ਯਾਦ ਵੀ ਆਇਆ ਸੈਂ। ਉਸਨੇ ਕਿਹਾ: ਹੁਣ ਤੁਸੀਂ ਸਕੂਟਰ ਤੇ ਹੀ ਜਾਓਗੇ ਤੇ ਸੋਹਣ, ਸੋਹਣ ਕਹਿਕੇ ਅਵਾਜ਼ਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਸਕੂਟਰ ਆਉਣ ਤੱਕ ਉਸਨੇ ਮੈਨੂੰ ਆਪਣੀ ਛੋਟੀ ਉਮਰ ਵਿਚ ਭੈਣੀ ਸਾਹਿਬ ਜਾਣ ਦੀ ਕਹਾਣੀ ਸੁਣਾਈ ਅਤੇ ਕਿਹਾ: ਸੱਚੇ ਪਾਤਸ਼ਾਹ ਤੇ ਤੁਸੀਂ ਉਦੋਂ ਪੜ੍ਹਦੇ ਹੁੰਦੇ ਸੀ, ਕੁਸ਼ਤੀ ਵੀ ਹੁੰਦੀ ਸੀ। ਸਤਿਗੁਰੂ ਜੀ ਦਾ ਇਹ ਪਿਆਰਾ ਕਈ ਵਾਰ ਆਪਣੀ ਚੌਧਰ ਤੇ ਸਮਾਜਕ ਸਥਿਤੀ ਨੂੰ ਮੁੱਖ ਰੱਖ ਦੂਰ ਵੀ ਹਟ ਗਿਆ। ਪਰ ਵਿਰੋਧੀ ਦੇ ਰੂਪ ਵਿਚ ਸਾਹਵੇਂ ਨਹੀਂ ਆਇਆ। ਜਦੋਂ ਵੀ ਮਿਲਣ ਦਾ ਅਵਸਰ ਆਇਆ, ਨਹੀਂ ਗਵਾਇਆ।

ਸ. ਸੁਮਿੰਦਰ ਸਿੰਘ ਦਾ ਸੋਹਣ ਮੈਨੂੰ ਨਕੋੜੇ ਛੱਡ ਆਇਆ। ਸ. ਮਹਿੰਦਰ ਸਿੰਘ ਦੇ ਘਰ ਪੁੱਜਾ ਤਾਂ ਉਹ ਤੇ ਉਹਨਾਂ ਦੀ ਸੁਪਤਨੀ ਬੀਬੀ ਬਸੰਤ ਕੌਰ ਸਪੁਤਰੀ ਸੂਬਾ ਮੀਹਾਂ ਸਿੰਘ ਗੁਰੂਸਰ ਚੰਡੀਗੜ੍ਹ ਜਾਣ ਨੂੰ ਤਿਆਰ ਸਨ। ਬੀਬੀ ਆਪਣੇ ਪੋਤਰੇ ਨੂੰ ਵੇਖਣ ਤੇ ਮਿਲਣ ਭੈਣੀ ਸਾਹਿਬ ਜਾ ਰਹੀ ਸੀ। ਇਹਨਾਂ ਦੇ ਵੱਡੇ ਲੜਕੇ ਸ. ਇਕਬਾਲ ਸਿੰਘ, ਸੁਖਬੀਰ ਕੌਰ ਦਾ ਬੱਚਾ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸਕੂਲ ਦਾ ਰਿਹਾਇਸ਼ੀ ਵਿਦਿਆਰਥੀ ਹੈ।

ਇਹਨਾਂ ਨਾਲ ਗੁਰੂਸਰ ਸ. ਸੁਖਦੇਵ ਸਿੰਘ ਨਾਲ ਸਲਾਹ ਕਰਕੇ ਮੈਂ ਕੁਝ ਨਾਸ਼ਤਾ ਕੀਤਾ ਅਤੇ ਫਿਰ ਸ. ਹਰਬੰਸ ਸਿੰਘ-ਗੁਰਦੀਪ ਕੌਰ, ਸ. ਇਕਬਾਲ ਸਿੰਘ, ਸੁਖਬੀਰ ਹੋਰਾਂ ਪਾਸ ਦੋ ਘੰਟੇ ਜਾ ਬਿਤਾਏ। ਬੀਬੀ ਸੁਖਬੀਰ ਨੇ ਦੱਸਿਆ ਕਿ ਉਸਦੇ 17 ਓ ਜਿ. ਗੰਗਾ ਨਗਰ ਰਾਜਸਥਾਨ ਵਿਖੇ ਉਸਦੇ ਚਾਚਾ ਸ. ਸੂਰਤ ਸਿੰਘ (68) ਥੋੜ੍ਹਾ ਢਿੱਲੇ ਮੱਠੇ ਰਹਿ 14-4-1987 ਨੂੰ ਦਿਨੇ 11 ਵਜੇ ਪੂਰੇ ਹੋ ਗਏ ਹਨ। ਸ੍ਰੀ ਸਤਿਗੁਰੂ ਜੀ ਦੇ ਕੁੜਮ ਸੰਤ ਮਹਿੰਦਰ ਸਿੰਘ ਜੀ ਦੇ ਇਹ ਛੋਟੇ ਭਾਈ ਸਨ।

ਮੈਂ ਸਤਿਜੁਗ ਦੇ ਸੰਪਾਦਕੀ ਸਮੇਂ ਬੀਬੀ ਸਾਹਿਬੋ ਪੱਧਰੀ (ਅੰਮ੍ਰਿਤਸਰ) ਵਾਲੀ ਦੇ ਖਾਨਦਾਨ ਵਿਚੋਂ ਬਾਰ ਵਿਚੋਂ ਆਏ ਆਪਣੇ ਮਿੱਤਰ ਸ. ਹਰਨਾਮ ਸਿੰਘ ਪਾਸ, ਗੁਰੂ ਕੇ ਸੁਘੜ ਪ੍ਰੇਮੀ ਕੇ ਘਰ ਅਨੇਕਾਂ ਵਾਰ ਆਇਆ ਕਰਦਾ ਸਾਂ। ਅੱਜ-ਕੱਲ੍ਹ ਵੀ ਕਈ ਵਾਰ ਬੀਬੀ ਗੁਰਦੀਪ ਕੌਰ ਅਤੇ ਉਸਦੇ ਸਪੁੱਤਰ ਕੁਲਦੀਪ ਸਿੰਘ ਨੇ ਨਕੋੜੇ ਆਉਣ ਲਈ ਮੈਨੂੰ ਨਿਮੰਤਰਿਤ ਕੀਤਾ ਸੀ।

ਫੇਰ ਮੈਂ ਆਪਣੇ ਚਿੱਰ ਮਿੱਤਰ ਜਿਸ ਨਾਲ 22 ਸਾਲ ਟੁੱਟੀ ਵੀ ਰਹੀ, ਸੰਤ ਬਾਵਾ ਸਿੰਘ ਵੱਲ ਗਿਆ। ਉਹ ਆਪਣੇ ਮਕਾਨ ਦੇ ਵਰਾਂਡੇ ਵਿਚ ਚਿਪਸ ਲੁਆ ਰਿਹਾ ਸੀ। ਅੱਜ ਦੀ ਸਾਡੀ ਮਿਲਣੀ 2 ਵਜੇ ਤੱਕ ਚੱਲਦੀ ਰਹੀ। ਪ੍ਰਸ਼ਾਦ ਪਾਣੀ ਛਕਾ ਕੇ ਹੀ ਬਾਵਾ ਸਿੰਘ ਨੇ ਵਿਦਾ ਕੀਤਾ। ਬਾਵਾ ਸਿੰਘ ਦੁਆਰਾ ਹੀ ਮੈਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੇਵਾ ਵਿਚ ਦੁਬਾਰਾ ਆਇਆ ਸਾਂ। ਸਤਿਜੁਗ ਦੀ ਸੰਪਾਦਕੀ ਦਾ ਵੀ ਇਹ ਵਿਚੋਲਾ ਸੀ। ਅਤੇ ਬਹੁਤ ਸਮਾਂ ਮੇਰੀ ਇਹਦੇ ਘਰ ਰੋਟੀ ਤੇ ਰਿਹਾਇਸ਼ ਰਹੀ। ਨਵੀਆਂ ਪੁਰਾਣੀਆਂ ਅਨੇਕਾਂ ਗੱਲਾਂ ਨੇ ਜ਼ਿੰਦਗੀ ਨੂੰ ਹੁਲਾਰਾ ਦਿੱਤਾ। ਗੱਲਾਂ ਕਰਦਿਆਂ ਬਾਵਾ ਸਿੰਘ ਨੇ ਆਪਣੇ ਅਸਲੀ ਵਡੱਪਣ ਦਾ ਪਤਾ ਦਿੱਤਾ। ਕਹਿਣ ਲੱਗਾ: ਸੱਚੀ ਗੱਲ ਕਵੀ ਇਹ ਹੈ ਕਿ ਤੂੰ ਜਿੱਤ ਗਿਆ ਤੇ ਮੈਂ ਹਾਰਿਆ।

ਇਹ ਸ਼ਬਦ ਏਸ ਹਕੀਕਤ ਨੂੰ ਸਮਝ ਆਖੇ ਗਏ ਕਿ ਇਸਨੇ ਮੇਰੇ ਨਾਲ ਜ਼ਿੰਦਗੀ ਭਰ ਲਈ ਕੱਟੀ ਹੋਈ ਸੀ ਅਤੇ ਮੇਰਾ ਕਹਿਣਾ ਸੀ: ਬਾਵਾ ਸਿੰਘ ਮੇਰੇ ਬੂਹੇ ਸਦਾ ਖੁੱਲ੍ਹੇ ਰਹਿਣਗੇ ਤੂੰ ਜਦੋਂ ਵੀ ਪਰਤੇਗਾ ਦਿੱਲੀ ਸੁਆਗਤ ਹੋਵੇਗਾ ਅਤੇ ਇਸਦੀ ਗੱਲ ਸ੍ਰੀ ਸਤਿਗੁਰੂ ਜੀ ਨਾਲ ਮੁਕਣ ਉਪਰੰਤ ਸਾਡੀਆਂ ਦੋ ਕੁ ਮਿਲਣੀਆਂ ਹੋ ਚੁੱਕੀਆਂ ਸਨ ਪਰ ਜ਼ਰਾ ਬੁਝੀਆਂ ਬੁਝੀਆਂ ਪਰ ਅੱਜ ਸਾਡੇ ਹਿਰਦਿਆਂ ਦੀ ਮੁਲਾਕਾਤ ਸੀ।

ਮੈਂ 77 ਸਾਲਾ ਬੰਦਾ ਅੱਜ ਬਾਵਾ ਸਿੰਘ ਦੇ ਲੜਕੇ (ਬਾਲ ਬਚੜ ਦਾਰ) ਨੂੰ ਸਾਈਕਲ ਅੱਗੇ ਬੈਠਾਲ 5 ਕਿਲੋਮੀਟਰ ਦਾ ਪੰਧ ਝਾਗ ਜੀਵਨ ਨਗਰ ਗਿਆ। ਮੇਰੇ ਸਹਿਪਾਠੀ ਸਵਰਗਵਾਸੀ ਗੁਰਬਚਨ ਸਿੰਘ ਢੋਟੀਆਂ ਦੇ ਘਰ ਉਹਦੀ ਦੋਹਤੀ ਨੂੰ ਵਿਆਹ ਪਿਛੋਂ ਤੀਜੀ ਵਾਰ ਲੈਣ ਉਸਦਾ ਪਤੀ ਸ. ਹਰਦੇਵ ਸਿੰਘ ਬਹਾਉਂਦੀ ਆਪਣੇ ਭਰਾ ਅਤੇ ਮਾਂ ਨਾਲ ਆਇਆ ਬੈਠਾ ਸੀ। ਇਸ ਘਰ ਵਿਚ ਮੇਰੇ ਮਿੱਤਰ ਹਰੀ ਸਿੰਘ ਵਡਾਣੀਆਂ ਦਾ ਵੱਡਿਓਂ ਛੋਟਾ ਲੜਕਾ ਜਾਗੀਰ ਸਿੰਘ ਦਾਮਾਦ ਹੈ ਅਤੇ ਬੀਬੀ ਅਮਰ ਕੌਰ ਘਰ ਨਰ ਸੰਤਾਨ ਨ ਹੋਣ ਕਾਰਨ ਇਹੋ ਪਤੀ ਪਤਨੀ ਆਪਣੀ ਮਾਂ ਦੀ ਅਤੇ ਆਏ ਗਏ ਦੀ ਸੇਵਾ ਕਰਦੇ ਹਨ।

ਇਹਨਾਂ ਨਾਲ ਚਾਰ ਘੰਟੇ ਬਿਤਾਅ ਮੈਂ ਸੰਤ ਨਗਰ ਸੰਤ ਰਣਜੀਤ ਸਿੰਘ ਬਾਜਵਾ ਦੇ ਚਲਾ ਗਿਆ।

## 4 ਮਈ 1987, ਸੋਮਵਾਰ

## ਗੁਰੂ ਸਰ ਗੱਦਾਂ ਡੋਬ

ਨਕੋੜੇ ਵਿਖੇ, ਸੰਤ ਦੀਦਾਰ ਸਿੰਘ ਪ੍ਰਤਾਪ ਨਗਰ ਨਾਲ ਅੱਜ ਦੇ ਦਿਨ ਕਈ ਤੈਅ ਕੀਤੇ ਪ੍ਰੋਗਰਾਮ ਅਨੁਸਾਰ ਮੈਂ 7 ਵਜੇ ਸਵੇਰੇ ਅੱਜ ਜੀਵਨ ਨਗਰ ਵਿਖੇ ਚਲਾ ਗਿਆ। ਏਥੋਂ ਦੀਦਾਰ ਸਿੰਘ ਨੇ ਮੇਰੇ ਨਾਲ ਗੁਰੂਸਰ ਗੱਦਾਂ ਡੋਬ ਜ਼ਿਲ੍ਹਾ ਫਰੀਦਕੋਟ ਜਾਣਾ ਸੀ।

ਜੀਵਨ ਨਗਰ ਮਾਰਕਿਟ ਵਿਚ ਕਣਕਾਂ ਦੀਆਂ ਬੋਰੀਆਂ ਦੇ ਅੰਬਾਰ ਲੱਗੇ ਪਏ ਹਨ ਅਤੇ ਇਨ੍ਹਾਂ ਦਾ ਪਸਾਰ ਸੰਤ ਮਨਹੋਰ ਸਿੰਘ ਦੀ ਸ੍ਰੀ ਰੁਪਿੰਦਰ ਰਾਈਸ ਮਿਲਜ਼ ਦੇ ਵਿਸ਼ਾਲ ਵਿਹੜੇ ਤੱਕ ਹੋ ਗਿਆ ਹੈ ਅੱਜ ਕੱਲ੍ਹ ਮੈਨੂੰ ਹੇਠ ਲਿਖੇ ਨਾਮਧਾਰੀ ਆੜ੍ਹਤੀਆਂ ਦੇ ਤੌਰ ਤੇ ਕੰਮ ਕਰਦੇ ਮਿਲੇ:

1. ਸ. ਮਹਿੰਦਰ ਸਿੰਘ ਬੱਲ, ਮਲਕ ਨਾਮਧਾਰੀ ਰਾਈਸ ਮਿਲਜ਼, ਸ੍ਰੀ ਜੀਵਨ ਨਗਰ।
2. ਸੰਤ ਮਨੋਹਰ ਸਿੰਘ ਅਤੇ ਭਾਈ ਮਲਕ ਨਾਮਧਾਰੀ ਕਾਟਨ ਮਿਲਜ਼, ਜੀਵਨ ਨਗਰ।
3. ਸੰਤ ਹਰਭਜਨ ਸਿੰਘ ਚੰਡੀਗੜ੍ਹ
4. ਸ. ਮੁਖਤਾਰ ਸਿੰਘ, ਖੂਹ ਅੰਬਰ ਸਰੀਆਂ
5. ਸੰਤ ਬੀਬਾ ਸਿੰਘ- ਨਾਨਕ ਸਿੰਘ ਜੀਵਨ ਨਗਰ

ਇਹ ਨਾਮਧਾਰੀ ਸੱਜਣ ਸਤਿਗੁਰੂ ਜੀ ਦੇ ਪ੍ਰੇਰੇ ਹੀ ਆੜ੍ਹਤੀਏ ਬਣੇ ਹਨ ਅਤੇ ਇਲਾਕੇ ਦੀ ਕਣਕ-ਚਾਵਲ ਦੀ ਖਰੀਦ ਕਰਦੇ ਹਨ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ



**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**

**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

"ਘਰ ਵਰਨ ਬਾਹਰ ਧਰੰਗੜ,
ਸੱਥਾਂ ਵਿਚ ਵਿਰਕ"

ਵਿਰਕ ਦਾ ਨਾਉਂ ਪ੍ਰਸਿੱਧ ਹੋਣ ਕਾਰਨ ਉਸਦੇ ਵੱਡੇ ਭਾਈ ਵਰਨ ਦੀ ਉਲਾਦ ਨੇ ਵੀ ਆਪਣਾ ਗੋਤ ਵਿਰਕ ਹੀ ਦੱਸਣਾ ਅਰੰਭਿਆ। ਜੰਮੂ ਤੋਂ ਆ ਕੇ ਵਿਰਕਾਂ ਨੇ ਇਹ ਇਲਾਕਾ, ਜੋ ਪਹਿਲਾਂ ਭੱਟੀਆਂ ਦੇ ਕਬਜ਼ੇ ਵਿਚ ਸੀ, ਉਹਨਾਂ ਤੋਂ ਖੋਹ ਕੇ ਆਪਣੇ ਪਿੰਡ ਵਸਾਏ ਸਨ। ਸਾਂਦਲ ਜਿਸ ਦੇ ਨਾਂ 'ਤੇ, ਸਾਡੀ ਬਾਰ ਦਾ ਨਾਂ ਸਾਂਦਲਬਾਰ ਪਿਆ ਹੈ, ਉਸ ਦੀ ਅਗਲੀ ਪੀੜ੍ਹੀ ਦੁੱਲਾ ਭੱਟੀ ਬਹੁਤ ਸੂਰਮਾ ਹੋਇਆ ਹੈ। ਜਹਾਂਗੀਰ, ਜਿਸ ਨੂੰ ਛੋਟੀ ਉਮਰ ਵਿਚ ਸ਼ੇਖੂ ਆਖਦੇ ਸਨ, ਉਸਨੇ ਦੁੱਲੇ ਨਾਲ ਰਲ ਕੇ ਆਪਣੀ ਮਾਂ ਦੇ ਮਰਨ ਬਾਅਦ, ਦੁੱਲੇ ਦੀ ਮਾਂ ਦਾ ਹੀ ਦੁੱਧ ਚੁੰਘਿਆ ਸੀ, ਉਸੇ ਨੇ ਹੀ ਸ਼ੇਖੂਪੁਰਾ, ਆਪਣੇ ਬਚਪਨ ਦੇ ਨਾਂ ਤੇ ਸ਼ਹਿਰ ਵਸਾਇਆ ਸੀ। ਦੁੱਲਾ, ਦਿੱਲੀ ਦਰਬਾਰ ਤੋਂ ਆਕੀ ਸੀ। ਇਸੇ ਲਈ ਜਹਾਂਗੀਰ ਦੇ ਹੁਕਮ ਨਾਲ ਹੀ ਉਹਨੂੰ ਲਾਹੌਰ ਵਿਚ ਸੂਫ਼ੀ ਕਵੀ ਸ਼ਾਹ ਹੁਸੈਨ ਦੀ ਮੌਜੂਦਗੀ ਵਿਚ ਹੀ ਸੂਲੀ ਤੇ ਟੰਗਿਆ ਗਿਆ ਸੀ। ਇਹ ਕੁਝ ਪ੍ਰਸੰਗ ਵੱਸ ਇਲਾਕੇ ਦੇ ਲੋਕਾਂ ਦੇ ਸੁਭਾਉ ਤੇ ਇਤਿਹਾਸ ਬਾਰੇ ਦੱਸਿਆ ਹੈ।

ਵਰਨਾਂ ਵਾਲਾ ਇਹ ਹੋਲਾ ਸਾਡੇ ਪੰਥ ਵਿਚ ਕੁਝ ਨਵੇਂ ਮੋੜਾਂ ਦਾ ਸੂਚਕ ਸੀ। ਇੱਥੇ ਲੰਗਰ ਪਾਣੀ ਦਾ ਪ੍ਰਬੰਧ ਅਤੇ ਦੀਵਾਨਾਂ ਦਾ ਪ੍ਰਬੰਧ ਪਿਛਲੇ ਕੁਝ ਹੋਲਿਆਂ ਨਾਲੋਂ ਸਲਾਹੁਣਯੋਗ ਸੀ। ਇਸ ਹੋਲੇ ਦੇ ਮੋਢੀ ਸੰਤ ਆਲਾ ਸਿੰਘ ਜੀ ਸਨ। ਵਰਨਾਂ ਦੀ ਹੋਰ ਸਾਰੀ ਸੰਗਤ ਵੀ ਇਸ ਵਿਚ ਸਹਿਯੋਗੀ ਸੀ। ਭਿੱਖੀਆਣੇ ਖੂਹ ਅਤੇ ਸੁੱਖਣ ਆਣੇ ਖੂਹਾਂ ਦੇ ਵਿਚਾਲੇ ਹੋਲੇ ਦਾ ਬੰਦੋਬਸਤ ਸੀ। ਲਾਂਗਰੀ ਸਾਰੇ ਇਸੇ ਹੀ ਇਲਾਕੇ ਦੇ ਸਨ। ਲੰਗਰ ਦਾ ਪ੍ਰਬੰਧ ਨਵੇਂ ਮਿਆਰਾਂ ਨੂੰ ਛੋਂਹਦਾ ਸੀ। ਸਰਦਾਈ ਦਾ ਪ੍ਰਬੰਧ ਢੋਟੀਆਂ ਵਾਲੇ ਰੱਸਾ ਬਹਾਦਰ ਸਿੰਘਾਂ ਪਾਸ ਸੀ। ਮਾਤਾ ਜਿਊਣ ਕੌਰ ਜੀ ਲੰਗਰ ਵਾਲੇ ਸਿੰਘਾਂ ਦੀ ਵੇਖ ਭਾਲ ਕਰਦੇ ਸਨ ਅਤੇ ਮਾਤਾ ਫਤਹਿ ਕੌਰ ਜੀ ਸ਼ਰਦਾਈ ਦੇ ਪ੍ਰਬੰਧ ਨੂੰ ਨਿਗ੍ਹਾ ਵਿਚ ਰੱਖਦੇ ਸਨ। ਹੋਲੇ ਤਾਂ ਸਾਡੇ ਪੰਥ ਦੇ ਸਾਰੇ ਹੀ ਸ਼ਾਨਦਾਰ ਅਤੇ ਸਫ਼ਲ ਹੋਏ ਹਨ ਪਰ ਇਹ ਹੋਲਾ ਸਭਨਾਂ ਤੋਂ ਸਿਰਮੌਰ ਹੋਲਾ ਹੋ ਨਿੱਬੜਿਆ।

ਜ਼ਿਲ੍ਹਾ ਸ਼ੇਖੂਪੁਰਾ ਦੇ ਵਿਰਕਾਂ ਦਾ ਜਸ, ਇਸ ਕਰਕੇ ਕੀਤਾ ਜਾਂਦਾ ਹੈ ਕਿ ਇਕ ਤਾਂ, ਜੋ ਨਾਮਧਾਰੀ ਸਾਧ ਇਸ ਇਲਾਕੇ ਦਾ ਸੀ, ਉਹ ਤਨੋਂ ਮਨੋਂ ਧਨੋਂ ਹੋ ਕੇ ਸੇਵਾ ਕਰ ਹੀ ਰਿਹਾ ਸੀ, ਦੂਜਾ ਹੋਰ ਕੁੱਲ ਵਿਰਕ ਤੱਪੇ ਦੇ ਗ਼ੈਰ ਨਾਮਧਾਰੀ ਜੱਟ ਸਿੱਖਾਂ ਨੇ, ਦੀਵਾਨਾਂ ਅਤੇ ਹੋਲੇ ਦੇ ਪ੍ਰਬੰਧ ਵਿਚ ਸਾਥ ਦਿਤਾ ਅਤੇ ਯਥਾਸ਼ਕਤ ਰਸਦ ਪਾਣੀ ਦੀ ਸੇਵਾ ਵੀ ਕੀਤੀ।

**ਮੰਗਲ ਸਿੰਘ ਖਿਆਲਾ**

ਮੰਗਲ ਸਿੰਘ ਖਿਆਲਾ ਜਦੋਂ ਦਾ ਸਿੰਘ ਸਜਿਆ ਸੀ, ਘਰ ਆਏ ਹਰ ਸਿੱਖ ਸਾਧ ਦੀ ਸੇਵਾ ਤਨੋਂ ਮਨੋਂ ਹੋ ਕੇ ਕਰਦਾ ਸੀ। ਘਰ ਦੇ ਸਾਰੇ ਜੀਅ ਆਪਸ ਵਿਚ ਪ੍ਰੇਮ ਭਗਤੀ ਦੇ ਸੂਤਰ ਵਿਚ ਬੱਝੇ ਹੋਏ ਸਨ। ਇਹਨਾਂ ਆਪਣੇ ਪਿੰਡ ਦੇ ਹੀ ਸੰਤ ਜਵੰਦ ਸਿੰਘ ਜੀ 'ਜਿੰਦਾ ਸ਼ਹੀਦ' ਤੋਂ ਭਜਨ ਲਿਆ ਸੀ। ਇਹਨਾਂ ਵਿਚ ਦਾਤਾ, ਭਗਤ ਅਤੇ ਸੂਰਮਾ ਤਿੰਨਾਂ ਦੇ ਹੀ ਗੁਣ ਸ਼ਾਮਲ ਸਨ। ਇਹਨਾਂ ਦੇ ਘਰੋਂ ਬੇਬੇ ਹਰਨਾਮ ਕੌਰ ਵੀ ਵੱਡੇ ਵੇਲੇ ਉੱਠ ਕੇ ਨਾਂ ਲੈਣ ਵਾਲੀ ਸੀ। ਇਹਨਾਂ ਦੇ ਚਾਰ ਸਪੁੱਤਰ ਸਨ:

1. ਠਾਕੁਰ ਸਿੰਘ (ਬੀਬੀ ਪ੍ਰੀਤਮ ਕੌਰ ਗੁਰੂ ਘਰ ਵਿਖੇ ਸੇਵਾ ਕਰਨ ਵਾਲੀ ਦੇ ਪਤੀ)
2. ਗੁਰਦਿੱਤ ਸਿੰਘ

3 . ਗੁਰਬਚਨ ਸਿੰਘ ਅਤੇ
4. ਜੀਤ ਸਿੰਘ

